# ਤਰੇਲ ਜਿਹੇ ਮੋਤੀ

(ਗ਼ਜ਼ਲ ਸੰਗ੍ਰਹਿ)

**ਇਸੇ ਕਲਮ ਤੋਂ:-**

# ਤਰੇਲ ਜਿਹੇ ਮੋਤੀ

(ਗ਼ਜ਼ਲ ਸੰਗ੍ਰਹਿ)

## ਕੁਲਜੀਤ ਕੌਰ ਗ਼ਜ਼ਲ

**ਗੋSL ਪ੍ਰਕਾਸ਼ਨ**

***TARAIL JEHEY MOTI***

***Ghazals by***

**Kuljit Kaur 'Ghazal'** ©
Vill: Talwandi Khuman
P.O: Pakhar Pura
Distt: Amritsar-143502 (Pb)
Ph: 0183-2767637 (Resi.)
Mob: 98723-60290

**ISBN : 978-81-926686--**

**Rs. -**

**2013**

**Graphics Design**
**Raju Somal**
Mob: 80542-09786
84271-81786

ਪਰੂਫ ਰੀਡਿੰਗ : ਅਮਰਜੀਤ ਸੋਮਲ
81463-11835

ਪ੍ਰਕਾਸ਼ਕ

**ਗੋਸਲ ਪ੍ਰਕਾਸ਼ਨ**

ਪਿੰਡ: ਗੋਸਲ, ਡਾਕ: ਸਹਾਰਨ ਮਾਜਰਾ
ਤਹਿ: ਪਾਇਲ, ਜ਼ਿਲ੍ਹਾ: ਲੁਧਿਆਣਾ
ਫੋਨ : 94178-81074, 99146-25574
E-mail: gosalparkashan@gmail.com
WebSite: www.gosalparkashan-com.webnode.com

**ਸਮਰਪਣ**

ਅਪਣੀ ਪੂਜਨੀਕ ਮਾਤਾ
ਸ੍ਰੀਮਤੀ ਕੁਲਵੰਤ ਕੌਰ ਜੀ
ਅਤੇ
ਸਤਿਕਾਰਯੋਗ ਪਿਤਾ
ਸ੍ਰੀ ਨਿਰਮਲ ਸਿੰਘ ਕਾਹਲੋਂ
ਜੀ ਦੇ ਚਰਨਾਂ ਵਿੱਚ

## ਤਤਕਰਾ


ਤਰੇਲ ਜਿਹੇ ਮੋਤੀ
ਗ਼ਜ਼ਲ ਨਾਲ ਇਕਮਿਕ ਹੋਈ ਲੇਖਕਾ
ਤ੍ਰੇਲ ਧੋਤੇ ਮਹਿਕਾਂ ਵੰਡਦੇ ਤਾਜ਼ੇ ਖਿੜੇ ਫੁੱਲਾਂ ਵਰਗੀ ਸ਼ਾਇਰੀ
ਖੰਭਾਂ ਦੀ ਪਰਵਾਜ਼
ਕਾਵਿਕ ਬਿੰਬ ਅਤੇ ਮੁਹਾਵਰੇਦਾਰ ਬੋਲੀ
ਦਿਲਕਸ਼ ਸ਼ਬਦਾਵਲੀ ਵਿਚ ਅੰਕਿਤ ਗ਼ਜ਼ਲਾਂ
ਮੇਰੀ ਗੱਲ
ਜਿਸ ਤੇ ਮਰਦਾ ਹੈ ਜ਼ਮਾਨਾ ਉਹ ਮੇਰੇ ਤੇ ਮਰ ਗਿਆ ਹੈ।
ਹੋਏ ਬੇ-ਚੈਨ ਤੈਨੂੰ ਮਿਲਣ ਦੇ ਲਈ।
ਕੌਣ ਹੈ, ਜੋ ਰਾਤ ਨੂੰ ਸੁਪਨੇ 'ਚ ਆਉਂਦਾ,ਕੌਣ ਹੈ?
ਵੇਖੀਂ ਤੂੰ ਮੈਨੂੰ ਰੋਸ਼ਨੀ ਦੇ ਸੰਗ ਮੁਹਬੱਤ ਕਰਦਿਆਂ।
ਅੰਦਰ-ਬਾਹਰ ਤਾਨਾ-ਬਾਨਾ, ਮੇਰਾ ਸਭ ਕੁਝ ਤੇਰਾ ਹੈ।
ਫਿਰ ਘੜੀ ਵਿਛੜਨ ਦੀ ਆਈ, ਜੀ ਕਰੇ ਮੈਂ ਰੋ ਪਵਾਂ।
ਅਗਨ ਸੰਗ ਪਿਆਰ ਪਾਇਆ ਹੈ, ਮੇਰੀ ਤੌਬਾ ਮੇਰੀ ਤੌਬਾ।
ਅਸਾਂ ਜੋ ਕਿਹਾ ਕਿ ਉਹ ਭੁਲਾਇਆ ਕਦੋਂ ਹੈ।
ਜੇ ਮਹੁਬੱਤ ਨਹੀਂ, ਜ਼ਿੰਦਗੀ ਕਿਸ ਲਈ।
ਰੱਬ ਦਾ,ਦੌਲਤ ਦਾ, ਨਾ ਸਰਕਾਰ ਦਾ।
ਭੈਣ ਹਾਂ ਜਾਂ ਧੀ ਕਿਸੇ ਦੀ, ਫੇਰ ਵੀ ਲਗਦੀ ਬੇਘਰ ਹਾਂ।
ਜਦ ਸੋਚ ਨੂੰ ਪਰ ਲੱਗਣ ਅੰਬਰ ਵੀ ਮੁਕਾ ਦੇਵੇ।
ਤਨ-ਮਨ 'ਚ ਉਜਾੜਾ ਹੈ ਨਾ ਚੈਨ ਮਿਲੇ ਦਿਲ ਨੂੰ
ਡਾਢ੍ਹੇ ਤੋਂ ਕਿਉਂ ਡਰਦਾ ਹੈਂ?
ਮਰਾਂ ਤਾਂ ਮੌਤ ਨ੍ਹੀਂ ਮਿਲਦੀ, ਜੀਆਂ ਤਾਂ ਜੀ ਨਹੀਂ ਹੁੰਦਾ।
ਜਦੋਂ ਵੇਖਦਾ ਉਹ ਅਦਾਕਾਰ ਜਾਪੇ।
ਇਸ਼ਕ ਨੂੰ ਮਨ ਤੇ ਹੰਢਾਇਆ ਹੈ ਸਦਾ।
ਇਸ਼ਕ ਹੈ ਦੇਂਦਾ ਸਦਾ ਬਦਨਾਮੀਆਂ ਤੇ ਖੁਆਰੀਆਂ।
ਓਏ ਹੋਏ ਕਿ ਆਪਾਂ ਲਾਉਣ ਤੋਂ ਪਹਿਲਾਂ ਕਿਉਂ ਨਾ ਸੋਚਿਆ।
ਸਾਨੂੰ ਪਿਆਰ ਨਾਲ ਕਿਸੇ ਨੇ ਬੁਲਾਇਆ, ਹੱਸ ਕੇ।
ਕਿਵੇਂ ਸਮਝਾ ਦਿਆਂ ਸਭ ਨੂੰ ਕਦੇ ਮੈਂ ਪਿਆਰ ਨ੍ਹੀਂ ਕੀਤਾ।
ਵੈਰ ਨੂੰ ਦਿਲ 'ਚੋਂ ਮਿਟਾਈਏ, ਦੋਸਤੋ।

ਤੂੰ ਹੀ ਨਹੀਂ ਜੇ ਕੋਲ ਤਾਂ ਕੀ ਜਾਨ ਨੂੰ ਕਰਨਾ ਅਸੀਂ।
ਯਾਦ ਤੇਰੀ ਨੂੰ ਗਲ ਨਾਲ ਲਾ ਕੇ ਚੁੰਮਾਂ ਨਾਲੇ ਰੋਵਾਂ।
ਕੋਈ ਆਏ ਮੇਰੇ ਦਿਲ ਦੀ ਦਵਾ ਬਣ ਕੇ।
ਦਰਦ ਨੂੰ ਕਿੱਦਾਂ ਛੁਪਾਵਾਂ ਤੇ ਗ਼ਮਾਂ ਦਾ ਕੀ ਕਰਾਂ?
ਕੁਝ ਹੋਰ ਨ੍ਹੀਂ ਹੈ ਇਸ਼ਕ ਤਾਂ ਬਸ ਇਕ ਨਸ਼ਾ, ਇਕ ਜਾਮ ਹੈ।
ਬਿਨ ਉਹਦੇ ਬਣਿਆ ਸਬੱਬ ਨਾ ਕੋਈ ਨੱਚਣ ਗਾਉਣ ਦਾ।
ਤੇਰੇ ਤੋਂ ਵੱਖ ਹੋ ਕੇ ਕਿਧਰ ਜਾਵਾਂਗੀ?
ਮੁਹੱਬਤ ਦੇ ਗਗਨ ਉੱਤੇ ਸਿਤਾਰਾ ਹੀ ਸਿਤਾਰਾ ਹੈ।
ਬੇਵਫ਼ਾ! ਨਾਂ ਨਾਲ ਆਪਣੇ ਜੋੜ ਮੈਨੂੰ।
ਉਸ ਪਾਰ ਤੂੰ ਇਸ ਪਾਰ ਮੈਂ ਐਸੀ ਜੁਦਾਈ ਖ਼ੂਬ ਹੈ।
ਹਰ ਵੇਲੇ ਤਕੜੇ ਦੀ ਗਲ ਨਾ ਕਰਿਆ ਕਰ।
ਬੜੀ ਉਮੀਦ ਲੈ ਕੇ ਮੈਂ ਤੇਰੇ ਬੂਹੇ ਤੇ ਆਈ ਹਾਂ।
ਕਿਸ ਤਰ੍ਹਾਂ ਦਾ ਹੈ ਗ਼ਰੀਬੀ ਵਾਰ ਕੀਤਾ।
ਪੀੜਾਂ ਵੀ ਜਰਦੀ ਹੈ ਗ਼ਜ਼ਲ, ਦੁਖੜੇ ਵੀ ਸਹਿੰਦੀ ਹੈ ਗ਼ਜ਼ਲ।
ਗਏ ਸਮੁੰਦਰੋਂ ਪਾਰ ਕਦੋਂ ਫਿਰ ਮਿਲਦੇ ਨੇ।
ਕਿਤੇ ਮੇਰੀ ਮਹੁੱਬਤ ਨੂੰ ਕੋਈ ਠੋਕਰ ਨਾ ਲਾ ਜਾਵੀਂ।
ਗ਼ੈਰ ਦੇ ਹਥਾਂ 'ਚ ਅਪਣਾ ਹੱਥ ਫੜਾ ਕੇ ਤੁਰ ਗਿਆ।
ਬੂੰਦ-ਬੂੰਦ ਸਾਵਣ ਦੀ ਮੇਰਾ ਤਨ-ਮਨ ਲੂੰਹਦੀ ਜਾਵੇ।
ਬੁਲਾਵੇ ਤੂੰ ਤੇ ਨਾ ਆਵਾਂ, ਨਹੀਂ ਇਹ ਹੋ ਨਹੀਂ ਸਕਦਾ।
ਪੀੜ ਤੇਰੇ ਜਾਣ ਦੀ ਮੈਨੂੰ ਮਕਾਉਂਦੀ, ਵੇਖ ਲੈ।
ਉਡੀਕਾਂ ਤੇਰੀਆਂ ਕਰ ਕਰ ਸੱਜਣਾ, ਝੱਲੀ ਨਾ ਹੋ ਜਾਵਾਂ ਮੈਂ।
ਕਦੇ ਹੱਸਾਂ ਕਦੇ ਰੋਵਾਂ ਇਹ ਕੀ ਹੋਇਆ ਸ਼ੁਦਾਅ ਮੈਨੂੰ।
ਹਿਜਰ ਦਾ ਉਹ ਰੋਗ ਮੈਨੂੰ ਜਾਣ ਲੱਗਾ ਲਾ ਗਿਆ।
ਹੀਰੇ ਹੀਰੇ ਕਰਦੇ ਲੋਕ।
ਜਦੋਂ ਮਿਲਿਆ ਮੈਨੂੰ ਕੋਈ ਤਾਂ ਪੱਥਰ ਦਾ ਖ਼ੁਦਾ ਮਿਲਿਆ।
ਤੂੰ ਬਲਦੀ ਲਾਟ ਹੈਂ, ਮੈਂ ਤੇਰਾ ਚਾਨਣਾ।
ਦੋਸਤੋ ਕੁਝ ਤਾਂ ਕਰੋ ਇਹ ਦਿਲ ਬੜੀ ਮੁਸ਼ਕਿਲ 'ਚ ਹੈ।
ਤੇਰਾ ਮੇਰਾ ਰਿਸ਼ਤਾ ਜਿੱਦਾਂ ਰੁੱਖਾਂ ਨਾਲ ਮਨੁੱਖਾਂ।
ਇਕੱਲੀ ਹਾਂ, ਕੋਈ ਜੀਵਨ 'ਚ ਆ ਜਾਵੇ ਤਾਂ ਚੰਗਾ ਹੈ।
ਵੇਖ ਜਰਾ ਤੂੰ ਪਿਆਰ ਲਈ ਮਰ ਕੇ।
ਦਿਲ ਮੇਰੇ ਦੇ ਰੋਗ ਦੀ ਜਗ ਤੇ ਦਵਾ ਕੋਈ ਨਹੀਂ।
ਵੱਡੇ-ਵੱਡੇ ਦੁੱਖ ਜਰੇ ਨੇ ਐਹੋ ਦੁਖੜਾ ਜਰ ਨ੍ਹੀਂ ਹੁੰਦਾ।
ਹਿਜਰ ਦੀ ਭੱਠ ਤਾਵਾਂਗੇ ਤੇਰੇ ਤੁਰ ਜਾਣ ਦੇ ਮਗਰੋਂ।

ਦੁਨੀਆ ਤੋਂ ਕੂਚ ਕਰ ਗਿਆ ਤੇਰੀ ਉਡੀਕ ਵਿੱਚ।
ਹਸਦਿਆਂ ਨੂੰ ਮਿਲਦੀਆਂ ਨੇ ਮੰਜ਼ਲਾਂ।
ਮੈਂ ਜਦ ਰੋਈ ਹੰਝੂ ਬਣ ਕੇ ਦਰਿਆ ਵਾਂਗਰ ਵਹਿ ਜਾਵਾਗੀ।
ਜੋ ਮੇਰਾ ਹੋ ਕੇ ਰਹਿ ਜਾਏ, ਕੋਈ ਐਸਾ ਨਹੀਂ ਮਿਲਦਾ।
ਬੇਵਫਾ! ਸਾਨੂੰ ਅਸਾਡੇ ਹਾਲ ਤੇ ਹੀ ਰਹਿਣ ਦੇ।
ਦਿਲ ਕਹਿੰਦਾ ਹੈ ਤੇਰੇ ਦੇਸ਼ ਨੂੰ ਜਾਂਦੀ 'ਵਾ ਦਾ ਹਾਣੀ ਹੋ ਜਾਂ।
ਨਾ ਕੋਈ ਦਿਲਰੁਬਾ ਬਣਦਾ ਜੋ ਦਿਲ ਨੂੰ ਆਸਰਾ ਦੇਵੇ।
ਜਿਸ ਦੇ ਸੀਨੇ ਦਿਲ ਦੇ ਵਾਂਗੂ ਧੜਕਦੀ ਕੁਦਰਤ ਨਹੀਂ।
ਦਿਲ ਦੀ ਇਸ ਦਰਗਾਹ ਦੇ ਅੰਦਰ ਤੇਰੇ ਨਾਂ ਦਾ ਸਿਮਰਨ ਹੋਵੇ।
ਤੁਸੀਂ ਤੁਰਦੇ ਬਣੇ ਆਖ਼ਿਰ ਮੇਰੇ ਦਿਲ ਨੂੰ ਦਗ਼ਾ ਦੇ ਕੇ।
ਦਫ਼ਤਰਾਂ ਵਿਚ ਰੁਲਦੀਆਂ ਨੇ ਡਿਗਰੀਆਂ।
ਧੁੱਪ ਚੰਗੀ ਨਾ ਉਹਦੇ ਬਾਝੋਂ ਛਾਂ ਚੰਗੀ।
ਕਿਸੇ ਦਿਲਦਾਰ ਨੂੰ ਦਿਲ ਵਿਚ ਵਸਾ ਲੈਂਦੇ ਤਾਂ ਚੰਗਾ ਸੀ।
ਇਸ਼ਕ ਤੇਰਾ ਇਕ ਨਸ਼ਾ ਜਾਂ ਜ਼ਹਿਰ ਹੈ।
ਬੇਸ਼ੱਕ ਬਦਨਾਮੀ ਨੂੰ ਪੈਣਾ ਜਰਨਾ ਹੈ।
ਮੈਂ ਅਪਣੇ ਦਿਲ ਦੇ ਜ਼ਖ਼ਮਾਂ ਤੇ ਸਦਾ ਪੱਥਰ ਹੀ ਧਰਿਆ ਹੈ।
ਪੀ ਲਿਆ ਮੈਂ ਪੀ ਲਿਆ ਗ਼ਮ ਦਾ ਸਮੁੰਦਰ ਪੀ ਲਿਆ।
ਸਮੁੰਦਰ ਵੇਖ ਕੇ ਜੋ ਸ਼ੂਕਦਾ, ਦਿਲ ਹਾਰ ਜਾਂਦੇ ਨੇ।
ਦੂਰ ਰਹਿ ਕੇ ਕੋਲ ਮੇਰੇ ਕੋਲ ਰਹਿ ਕੇ ਦੂਰ ਹੈ।
ਉਠ ਮਜ਼ਲੂਮਾ! ਇਹੀ ਨਾਅਰਾ ਖਾਸ ਮੇਰਾ।
ਕਿਸੇ ਦੀ ਯਾਦ ਆਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ।
ਦੋਸਤੋ! ਹੁਣ ਪਿੱਠ ਮੇਰੀ ਤੇ ਨਾ ਅੰਗਿਆਰੇ ਧਰੋ।
ਤੇਰੀ ਮੁਸਕਾਨ ਦਾ ਜੇਕਰ ਸਹਾਰਾ ਮਿਲ ਗਿਆ ਹੁੰਦਾ।
ਤੁਸੀਂ ਐਵੇਂ ਕਿਉਂ ਇਲਜ਼ਾਮ ਤੇ ਇਲਜ਼ਾਮ ਧਰਦੇ ਹੋ।
ਕਦੋਂ ਤੱਕ ਰਹਾਂਗੀ ਉਡੀਕਾਂ ਸਹਾਰੇ।
ਬੋਲ ਕੇ ਕਿੱਦਾਂ ਸੁਣਾਵਾਂ ਗ਼ਮ ਮੈਂ ਤੇਰੇ ਜਾਣਦਾ।
ਮਿਲ ਰਹੇ ਨੇ ਬੜੇ ਸਫਰ ਨੂੰ ਹਾਦਸੇ।
ਉਡੀਕ ਵਿਚ ਹੀ ਯਾਰ ਦੀ ਜੇਕਰ ਮਰੇ ਤਾਂ ਕੀ ਮਰੇ।
ਜੇ ਸ਼ਾਇਰ ਹੈਂ ਤਾਂ ਮਹਿਫ਼ਿਲ ਵਿਚ ਗ਼ਜ਼ਲ ਵਰਗੀ ਗ਼ਜ਼ਲ ਆਖੀਂ।
ਮੇਰੀ ਮੜ੍ਹੀ ਜਦ ਵੀ ਬਣੀ ਸਭ ਹੋਣਗੇ, ਪਰ ਤੂੰ ਨਹੀਂ।

# ਤਰੇਲ ਜਿਹੇ ਮੋਤੀ

ਕੁਲਜੀਤ ਕੌਰ 'ਗ਼ਜ਼ਲ' ਪੰਜਾਬੀ ਗ਼ਜ਼ਲ ਦੇ ਆਕਾਸ਼ ਦਾ ਨਵਾਂ ਤਾਰਾ ਤਾਂ ਹੈ ਪਰ ਇਸ ਦੀ ਚਮਕ ਵਿੱਚ ਹੰਢੇ ਵਰਤੇ ਭਾਵਾਂ ਦੇ ਦਰਸ਼ਨ ਸਹਿਜ ਸੁਭਾਅ ਹੁੰਦੇ ਹਨ। ਇਸ ਦੀ ਸ਼ਾਇਰੀ ਵਿੱਚ ਮਾਸੂਮ ਬਾਲ ਵਰੇਸ, ਅੱਲ੍ਹੜਪਨ, ਚੜ੍ਹਦੀ ਜਵਾਨੀ ਦੀਆਂ ਉਮੰਗਾਂ ਅਤੇ ਬੁੱਢੇਵਾਰੇ ਦੇ ਸਾਰੇ ਪੜਾਵਾਂ ਦੇ ਦੀਦਾਰ ਹੋ ਜਾਂਦੇ ਹਨ।

ਗ਼ਜ਼ਲ ਦੀ ਵਿਧਾ ਆਪਣੇ ਆਪ ਵਿੱਚ ਇਕ ਬਹੁਤ ਸੌਖੀ ਅਤੇ ਬਹੁਤ ਔਖੀ ਵੀ ਹੈ। ਜਿਸ ਸ਼ਾਇਰ ਜਾਂ ਸ਼ਾਇਰਾ ਨੂੰ ਇਸਦੀ ਸਮਝ ਆ ਜਾਏ ਉਸ ਲਈ ਸੌਖੀ ਹੈ ਅਤੇ ਦੂਜੇ ਲਈ ਬਹੁਤ ਔਖੀ। ਸਮਝ ਆਉਣ ਲਈ ਕੁਦਰਤੀ ਸੂਝ ਦਾ ਹੋਣਾ ਜ਼ਰੂਰੀ ਹੈ। ਇਹ ਸੂਝ ਕੁਲਜੀਤ ਕੌਰ 'ਗ਼ਜ਼ਲ' ਨੂੰ ਕੁਦਰਤ ਵੱਲੋਂ ਨਸੀਬ ਹੋਈ ਹੈ, ਇਸ ਦੀਆਂ ਗ਼ਜ਼ਲਾਂ ਪੜ੍ਹਦਿਆਂ ਇਹ ਗੱਲ ਆਪਣੇ ਆਪ ਸਿੱਧ ਹੋ ਜਾਂਦੀ ਹੈ। ਇਸ ਵੱਲੋਂ ਸਾਲਿਮ ਅਤੇ ਜ਼ਿਹਾਫ਼ ਦੀਆਂ ਬਹਿਰਾਂ ਦਾ ਇਸਤੇਮਾਲ ਵੇਖਕੇ ਅਰੂਜ਼ ਬਾਰੇ ਇਸ ਦੀ ਜਾਣਕਾਰੀ ਦਾ ਪਤਾ ਲੱਗ ਜਾਂਦਾ ਹੈ। ਨਾਲ ਹੀ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਗ਼ਜ਼ਲ ਬਾਰੇ ਇਸ ਦੀ ਕੁਦਰਤੀ ਸੂਝ ਦੇ ਨਾਲ ਨਾਲ ਇਸ ਦੀ ਮਿਹਨਤ ਅਤੇ ਅਭਿਆਸ ਦਾ ਵੀ ਭਰਪੂਰ ਯੋਗਦਾਨ ਹੈ।

ਕੁਲਜੀਤ ਕੌਰ 'ਗ਼ਜ਼ਲ' ਦੀਆਂ ਗ਼ਜ਼ਲਾਂ ਵਿੱਚ ਗ਼ਜ਼ਲ ਦਾ ਰਿਵਾਇਤੀ ਰੰਗ ਕਾਫੀ ਗੂੜ੍ਹਾ ਹੈ। ਵਿਸ਼ੇ ਦੇ ਕੈਨਵਸ ਉੱਤੇ ਮੁੱਢਲਾ ਰੰਗ ਪਿਆਰ, ਮਹੁੱਬਤ ਦਾ ਹੈ ਅਤੇ ਤਸਵੀਰ ਮੁਕੰਮਲ ਕਰਨ ਲਹੀ ਇਸ ਨੇ ਬਾਕੀ ਦੇ ਕਈ ਰੰਗ ਇਸਤੇਮਾਲ ਕੀਤੇ ਹਨ। ਰੰਗਾਂ ਦੀ ਇਸ ਵਿਲੱਖਣਾ ਵਿੱਚਲੀ ਇੱਕਤਾ ਆਪਣੇ ਆਪ ਵਿੱਚ ਸਲਾਹੁਣਯੋਗ ਤਜ਼ਰਬਾ ਹੈ।

ਕੁਲਜੀਤ ਕੌਰ 'ਗ਼ਜ਼ਲ' ਪਿੰਡ ਦੀ ਜਮੰਪਲ ਹੈ। ਇਸ ਦੀ ਜ਼ਿੰਦਗੀ ਦਾ ਸੰਬੰਧ ਖੇਤਾਂ ਦੀ ਮਿੱਟੀ ਨਾਲ ਹੈ। ਇਸ ਲਈ ਇਸਦੀ ਭਾਸ਼ਾ ਵਿੱਚੋਂ ਮਿੱਟੀ ਦੀ ਮਹਿਕ ਆਉਂਦੀ ਹੈ। ਇਸ ਨੇ ਪੰਜਾਬੀ ਭਾਸ਼ਾ ਦੇ ਉਹਨਾਂ ਸ਼ਬਦਾਂ ਦਾ ਇਸਤੇਮਾਲ ਕੀਤਾ ਹੈ ਜਿਨ੍ਹਾਂ ਸ਼ਬਦਾਂ ਨੂੰ ਸ਼ਹਿਰਾਂ ਦੇ ਪੜ੍ਹੇ ਲਿਖੇ ਲੋਕਾਂ ਅਤੇ ਖਾਸ ਤੌਰ ਤੇ ਬੁੱਧੀਜੀਵੀ ਵਰਗ ਨੇ ਦੇਸ਼ ਨਿਕਾਲਾ ਦੇ ਛੱਡਿਆ ਹੈ। ਅਪਣੀ ਮਿੱਟੀ ਨਾਲ ਸੰਬੰਧ ਰੱਖਣ ਵਾਲੇ ਸ਼ਬਦਾਂ ਨੂੰ ਗ਼ਜ਼ਲ ਦੇ ਗੋਡੇ ਮੁੱਢ ਬਿਠਾ ਕੇ ਕੁਲਜੀਤ ਕੌਰ 'ਗ਼ਜ਼ਲ' ਨੇ ਉਹਨਾਂ ਸ਼ਬਦਾਂ ਦਾ ਬਨਵਾਸ ਖਤਮ ਕਰਵਾ ਦਿੱਤਾ ਹੈ।



ਬਨਵਾਸ ਭੋਗ ਕੇ ਘਰ ਪਰਤਣ ਤੇ ਖੁਸ਼ੀ ਦਾ ਵਾਤਾਵਰਣ ਬਣਦਾ ਹੈ। ਖੁਸ਼ੀ ਦੇ ਵਿਹੜੇ ਵਿੱਚ ਨੱਚਣ ਲਹੀ ਕੁਲਜੀਤ ਕੌਰ 'ਗ਼ਜ਼ਲ' ਨੇ ਗ਼ਜ਼ਲਾਂ ਦੇ ਹੱਥਾਂ ਅਤੇ ਪੈਰਾਂ ਵਿੱਚ ਬਿਲਕੁਲ ਨਵੇਂ ਅੰਦਾਜ਼ ਦੀ ਮਹਿੰਦੀ ਲਾਈ ਹੈ। ਇਸ ਤਰ੍ਹਾਂ ਕਰਦਿਆਂ ਉਸ ਦੇ ਆਪਣੇ ਹੱਥ ਵੀ ਮਹਿੰਦੀ ਰੰਗੇ ਹੋ ਗਏ ਹਨ। ਇਸ ਦੀ ਕਲਮ ਦਾ ਚਿਹਰਾ ਫੇਰਿਆਂ ਲਈ ਤਿਆਰ ਹੋਈ ਦੁਲਹਨ ਦੇ ਚਿਹਰੇ ਵਰਗਾ ਹੋ ਗਿਆ ਹੈ।

ਕੁਲਜੀਤ ਕੌਰ 'ਗ਼ਜ਼ਲ' ਦੀਆਂ ਗ਼ਜ਼ਲਾਂ ਦੀ ਨਜ਼ਰਸਾਨੀ ਕਰਦਿਆਂ ਮੈਂ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਕੀਤੀ ਹੈ ਕਿ ਇਸਦੀ ਸ਼ਾਇਰੀ ਵਿੱਚ ਆਮਦ ਦਾ ਬਹੁਤ ਵੱਡਾ ਅਤੇ ਅਸੀਮ ਭਰਿਆ ਹੱਥ ਹੈ। ਸ਼ੇਅਰਾਂ ਵਿੱਚ ਜੋ ਸੁਹੱਪਣ ਅਤੇ ਸੰਗੀਤਆਤਮਕ ਸੁਜਹ, ਰਵਾਨੀ ਅਤੇ ਤਿੱਖਾਪਨ ਹੈ ਉਹ ਗ਼ਜ਼ਲ ਨੂੰ ਵਧੇਰੇ ਜਾਨਦਾਰ, ਸ਼ਾਨਦਾਰ ਅਤੇ ਪਾਨਦਾਰ ਬਣਾਉਂਦਾ ਹੈ।

ਇਸ ਗ਼ਜ਼ਲ ਸੰਗ੍ਰਹਿ ਨਾਲ ਪੰਜਾਬੀ ਮਾਂ ਬੋਲੀ ਦੇ ਵਿਹੜੇ ਵਿੱਚ ਗ਼ਜ਼ਲਾਂ ਦੀ ਮਹਿਫਿਲ ਲਾਈ ਬੈਠਿਆਂ ਸ਼ਾਇਰਾਤ ਵਿੱਚ ਇਕ ਹੋਰ ਨਾਮ ਸ਼ਾਮਿਲ ਹੋ ਗਿਆ ਹੈ ਜਿਸ ਦਾ ਸਵਾਗਤ ਕਰਨਾ ਬਣਦਾ ਹੈ।

ਕੁਲਜੀਤ ਕੌਰ 'ਗ਼ਜ਼ਲ' ਦੇ ਪਲੇਠੇ ਗ਼ਜ਼ਲ ਸੰਗ੍ਰਹਿ ਵਿਚਲੀਆਂ ਗ਼ਜ਼ਲਾਂ ਪੜ੍ਹ ਕੇ ਪੰਜਾਬੀ ਪਾਠਕ ਦਿਲੀ ਸਕੂਨ ਮਹਿਸੂਸ ਕਰਨਗੇ, ਇਹ ਮੇਰੀ ਆਸ ਵੀ ਹੈ ਅਤੇ ਵਿਸ਼ਵਾਸ ਵੀ।

*-ਸਰਦਾਰ ਪੰਛੀ*

*ਨਸ਼ੇਮਨ,*

*ਪੰਜਾਬ ਮਾਤਾ ਨਗਰ, ਲੁਧਿਆਣਾ-141013*

*0161-2564165*

## ਗ਼ਜ਼ਲ ਨਾਲ਼ ਇਕਮਿਕ ਹੋਈ ਲੇਖਕਾ

ਹਥਲੀ ਪੁਸਤਕ ਕੁਲਜੀਤ ਕੌਰ ਗ਼ਜ਼ਲ ਦੀ ਲਿਖੀ ਹੋਈ ਪਹਿਲੀ ਕਿਤਾਬ ਹੈ। ਲੇਖਕਾ ਨੇ ਜਿੱਥੇ ਆਪਣੇ ਦਿਲ ਦੀ ਆਵਾਜ਼ ਨੂੰ ਕਾਗਜ਼ ਤੇ ਉਤਾਰਿਆ ਹੈ, ਉੱਥੇ ਗ਼ਜ਼ਲਾਂ ਦਾ ਮੂੰਹ ਮੱਥਾ ਸੰਵਾਰਨ ਲਈ ਬਹੁਤ ਮਿਹਨਤ ਕੀਤੀ ਹੈ। ਕਵੀ ਆਮ ਤੌਰ ਤੇ ਕੋਮਲ ਦਿਲ ਵਾਲੇ ਹੁੰਦੇ ਹਨ। ਸਮਾਜ ਵਿਚਲੀ ਹਰ ਚੰਗੀ ਮਾੜੀ ਘਟਨਾ ਉਨ੍ਹਾਂ ਨੂੰ ਪ੍ਰਭਾਵਿਤ ਕਰਦੀ ਹੈ। ਕੁਲਜੀਤ ਵੀ ਕੋਮਲ ਦਿਲ ਵਾਲੀ ਲੇਖਕਾ ਹੈ, ਪਿਆਰ, ਮੁਹੱਬਤ ਨੂੰ ਬੜੀ ਡੂੰਘਾਈ ਨਾਲ਼, ਧੁਰ ਅੰਦਰੋਂ ਬਿਆਨ ਕਰਦੀ ਹੈ। ਗ਼ਜ਼ਲਾਂ ਵਿੱਚ ਮਨੁੱਖੀ ਰਿਸ਼ਤਿਆਂ ਨੂੰ, ਸਮਾਜਿਕ ਤਾਣੇ ਬਾਣੇ ਨੂੰ ਪ੍ਰਦੇਸ਼ ਆਦਿ ਨੂੰ ਬਾਖੂਬੀ ਚਿਤ੍ਰਿਆ ਗਿਆ ਹੈ।

ਕੁਲਜੀਤ ਦੀਆਂ ਗ਼ਜ਼ਲਾਂ ਆਮ ਤੌਰ ਤੇ ਲਿਖੀਆਂ ਗ਼ਜ਼ਲਾਂ ਵਾਂਗ ਭਾਵੇਂ ਰੁਮਾਂਟਿਕ ਹਨ, ਪਰ ਸਮਾਜਿਕ ਕਦਰਾਂ-ਕੀਮਤਾਂ ਨੂੰ ਨਹੀਂ ਤੋੜਦੀਆਂ। ਜੇਕਰ ਸਮਾਜ ਦੇ ਸਾਰੇ ਲੋਕ ਨਫਰਤ, ਈਰਖਾ, ਨਿੰਦਾ, ਚੁਗਲੀ ਆਦਿ ਨੂੰ ਤਿਲਾਂਜਲੀ ਦੇ ਕੇ ਪਿਆਰ-ਮਹੁੱਬਤ ਦੇ ਰਸਤੇ ਤੇ ਪੈ ਜਾਣ ਤਾਂ ਚਾਰੇ ਪਾਸੇ ਅਮਨ ਹੀ ਅਮਨ ਦਿਖਾਈ ਦੇਵੇਗਾ, ਫਿਰ ਜੰਗ ਦੀ ਲੋੜ ਮਹਿਸੂਸ ਨਹੀਂ ਹੋਵੇਗੀ। ਕੁਲਜੀਤ ਸ਼ਾਇਦ ਇਹੋ ਜਿਹਾ ਹੀ ਮਾਹੌਲ ਸਿਰਜਣ ਦੀ ਚਾਹਵਾਨ ਹੈ। ਕੁਲਜੀਤ ਸਮੁੱਚੀ ਕਾਇਨਾਤ ਵਿੱਚੋਂ ਪਿਆਰ ਨੂੰ ਪਕੜਨਾ ਲੋਚਦੀ ਹੈ। ਅੱਜ ਦੇ ਪਦਾਰਥਵਾਦ ਦੇ ਯੁਗ ਵਿੱਚ 'ਪਦਾਰਥ' ਪ੍ਰਧਾਨ ਹੋ ਰਿਹਾ ਹੈ, ਮਨੁੱਖ ਨੂੰ 'ਖਪਤ' ਦੀ ਵਸਤੂ ਸਮਝਿਆ ਜਾ ਰਿਹਾ ਹੈ, ਮਨੁੱਖ ਦੀ ਹੋਂਦ ਮਿਟਦੀ ਜਾ ਰਹੀ ਹੈ, ਨੈਤਿਕਤਾ ਅਤੇ ਕੌਮੀ ਚਰਿੱਤਰ ਦੀ ਘਾਟ ਰੜਕ ਰਹੀ ਹੈ, ਮਨੁੱਖੀ ਰਿਸ਼ਤਿਆਂ ਨੂੰ ਪਰਖਣ ਦੀ ਕਸਵੱਟੀ ਬਦਲ ਰਹੀ ਹੈ, ਭਰੂਣ-ਹੱਤਿਆ, ਸ਼ੋਸ਼ੇਬਾਜੀ, ਦਿਖਾਵੇਬਾਜ਼ੀ, ਅਨੁਸ਼ਾਸਨਹੀਣਤਾ, ਧੋਖਾ, ਬੇਵਫਾਈ, ਵਿਸ਼ਵਾਸਘਾਤ ਆਦਿ ਦਿਨੋਂ ਦਿਨ ਵਧ ਰਹੇ ਹਨ। ਜਦੋਂ ਕੋਈ ਲਿਖਾਰੀ ਅਜਿਹੇ ਮਸਲਿਆਂ ਵੱਲ ਧਿਆਨ ਦਵਾਉਂਦੇ ਹੋਏ ਪਿਆਰ ਮਹੁੱਬਤ ਦੀ ਗੱਲ ਕਰਦਾ ਹੈ ਤਾਂ ਮਨ ਨੂੰ ਸਕੂਨ ਮਿਲਦਾ ਹੈ।

ਮੈਨੂੰ ਆਸ ਹੈ ਕਿ ਕੁਲਜੀਤ ਆਉਂਦੇ ਸਮੇਂ ਵਿੱਚ ਦੇਸ਼ ਪਿਆਰ ਦੀਆਂ ਰਚਨਾਵਾਂ ਵੀ ਲਿਖੇਗੀ, ਸਿਹਤ ਅਤੇ ਵਾਤਾਵਰਣ ਪ੍ਰਤੀ ਵੀ ਜਾਗਰੂਕ ਕਰੇਗੀ ਤਾਂ ਜੋ ਅਸੀਂ ਰਲ ਮਿਲਕੇ ਦੇਸ਼ ਅਤੇ ਕੌਮ ਨੂੰ ਬੁਲੰਦੀਆਂ ਤੇ ਲੈ ਜਾਈਏ। ਮੈਂ



ਆਪਣੇ ਵੱਡੇ ਵੀਰ ਸਤਿਕਾਰਯੋਗ ਸ. ਮੋਤਾ ਸਿੰਘ ਸਰਾਏ, ਵਿਤੀ ਸਲਾਹਕਾਰ ਯੂ.ਕੇ. ਅਤੇ ਸੰਚਾਲਕ ਯੂਰਪੀਅਨ ਪੰਜਾਬੀ ਸੱਥ ਵਾਲਸਲ, ਇੰਗਲੈਂਡ ਦ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ, ਜਿੰਨ੍ਹਾਂ ਨੇ ਇਸ ਪੁਸਤਕ ਨੂੰ ਛਪਵਾਉਣ ਦਾ ਉਪਰਾਲਾ ਕੀਤਾ ਹੈ। ਸਭਿਆਚਾਰਕ ਪ੍ਰੇਮੀਆਂ ਨੂੰ ਮੇਰੀ ਗੁਜ਼ਾਰਿਸ਼ ਹੈ ਕਿ ਪੁਸਤਕ ਬਾਰੇ ਆਪਣੀ ਰਾਇ ਲਿਖ ਭੇਜਣ ਤਾਂ ਜੋ ਅਸੀਂ ਭਵਿੱਖ ਵਿੱਚ ਹੋਰ ਸਿਹਤਮੰਦ ਰਚਨਾਵਾਂ ਪਾਠਕਾਂ ਤੱਕ ਪਹੁੰਚਾ ਸਕੀਏ।

ਤੁਹਾਡਾ ਆਪਣਾ

*-ਕੁਲਵਿੰਦਰ ਸਿੰਘ ਸਰਾਏ (ਪ੍ਰਿੰਸੀਪਲ)*
*ਮੰਜਕੀ ਪੰਜਾਬੀ ਸੱਥ ਭੰਗਾਲਾ*
*ਤਹਿਸੀਲ : ਫਿਲੌਰ*
*ਜ਼ਿਲ੍ਹਾ : ਜਲੰਧਰ*
*ਚੜ੍ਹਦਾ ਪੰਜਾਬ (ਭਾਰਤ)*
*ਮੋਬਾਇਲ: 98141-60642*

## ਤ੍ਰੇਲ ਧੋਤੇ ਮਹਿਕਾਂ ਵੰਡਦੇ ਤਾਜ਼ੇ ਖਿੜੇ ਫੁੱਲਾਂ ਵਰਗੀ ਸ਼ਾਇਰੀ

ਦੁਨੀਆਂ ਦੇ ਸਾਰੇ ਕਾਵਿ ਰੂਪਾਂ ਵਿੱਚੋਂ ਗ਼ਜ਼ਲ ਇੱਕ ਬਹੁਤ ਹੀ ਖ਼ੂਬਸੂਰਤ ਅਤੇ ਵਿਲੱਖਣ ਕਾਵਿ-ਰੂਪ ਹੈ। ਇਸ ਦੇ ਇਕ ਸ਼ਿਅਰ ਨੂੰ ਭਾਵੇਂ ਅਸੀਂ ਦੋਹਾਂ, ਦੋ-ਤੁਕੀ ਬੋਲੀ, ਟੱਪਾ ਜਾਂ ਹਾਇਕੂ ਵਾਂਗੂੰ ਕੁਝ ਵੀ ਕਹਿ ਸਕਦੇ ਹਾਂ ਪਰ ਸਮੁੱਚੀ ਗ਼ਜ਼ਲ ਦੇ ਸ਼ੇਅਰਾਂ ਵਿਚਲੀ ਆਪਸੀ ਸਾਂਝ ਤੇ ਅਸਾਂਝ ਇਸ ਨੂੰ ਬਾਕੀ ਕਾਵਿ-ਰੂਪਾਂ ਤੋਂ ਵਿਲੱਖਣ ਬਣਾਉਂਦੀ ਹੈ। ਦੁਨੀਆਂ ਦਾ ਹੋਰ ਕੋਈ ਵੀ ਕਾਵਿ-ਰੂਪ ਇਸ ਸਿਨਫ਼ ਵਾਂਗ ਇੱਕੋ ਵੇਲੇ ਖੰਡਿਤ ਤੇ ਅਖੰਡ ਨਹੀਂ ਹੈ।

ਚਾਹੇ ਇਹ ਵਿਲੱਖਣ ਕਾਵਿ-ਰੂਪ ਆਪਣੀਆਂ ਅਨੇਕ ਰੂਪਗਤ ਬੰਦਸ਼ਾਂ ਲਈ ਮਸ਼ਹੂਰ ਹੈ ਪਰ ਇਸ ਦਾ ਖ਼ੂਬਸੂਰਤ ਪੱਖ ਇਹ ਵੀ ਹੈ ਕਿ ਅਸੀਂ ਜੇ ਚਾਹੀਏ ਤਾਂ ਸਮੁੱਚੀ ਗ਼ਜ਼ਲ ਵਿਚ ਇਕ ਵਿਸ਼ੇ ਤੇ ਆਪਣੇ ਵਿਚਾਰਾਂ ਅਤੇ ਭਾਵਾਂ ਦਾ ਪ੍ਰਗਟਾਵਾ ਕਰ ਸਕਦੇ ਹਾਂ ਨਹੀਂ ਤਾਂ ਹਰ ਸ਼ਿਅਰ ਵਿਚ ਵੱਖਰਾ ਵਿਸ਼ਾ ਵੀ ਚੁਣ ਸਕਦੇ ਹਾਂ ਕਿਉਂਕਿ ਇਸ ਦਾ ਹਰ ਸ਼ਿਅਰ ਆਪਣੇ ਆਪ ਵਿਚ ਮੁਕੰਮਲ ਹੁੰਦਾ ਹੈ। ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਕੁਲਜੀਤ ਕੌਰ ਗ਼ਜ਼ਲ ਨੇ ਇਸ ਸਿਨਫ ਦੀਆਂ ਬਾਰੀਕੀਆਂ ਨੂੰ ਪਛਾਣਦੀਆਂ ਹੋਇਆਂ ਗ਼ਜ਼ਲਾਂ ਦੀ ਰਚਨਾ ਕੀਤੀ ਹੈ।

ਕੁਲਜੀਤ ਕੌਰ 'ਗ਼ਜ਼ਲ' ਨੂੰ ਮੈਂ ਪਹਿਲੀ ਵਾਰ ਧਾਰੀਵਾਲ ਵਿਖੇ ਇੱਕ ਸਾਹਿਤਕ ਸਮਾਗਮ 'ਤੇ ਗ਼ਜ਼ਲ ਪੜ੍ਹਦਿਆਂ ਸੁਣਿਆ ਸੀ। ਛੋਟੀ ਉਮਰ ਵਿਚ ਐਨੀਆਂ ਵਧੀਆ ਗ਼ਜ਼ਲਾਂ ਲਿਖਣੀਆਂ ਅਤੇ ਉਹਨਾਂ ਨੂੰ ਨਵੇਕਲੇ ਅਤੇ ਖ਼ੂਬਸੂਰਤ ਅੰਦਾਜ਼ ਵਿਚ ਪੇਸ਼ ਕਰਨਾ ਕੁਲਜੀਤ ਦੇ ਹਿੱਸੇ ਵਿਚ ਆਇਆ ਹੈ, ਉਸ ਤੋਂ ਬਾਅਦ ਵੀ ਮੈਂ ਕੁਲਜੀਤ ਨੂੰ ਕਈ ਸਾਹਿੱਤਕ ਸਮਾਗਮਾਂ ਵਿਚ ਮਿਲਦੀ ਰਹੀ ਹਾਂ, ਪਰ ਅੱਜ ਉਸ ਦੀ ਸ਼ਾਇਰੀ ਨੂੰ ਇਕ ਕਿਤਾਬ 'ਤਰੇਲ ਜਿਹੇ ਮੋਤੀ' ਦੇ ਖਰੜੇ ਦੇ ਰੂਪ ਵਿਚ ਪ੍ਰਾਪਤ ਕਰਕੇ ਮੈਨੂੰ ਬੇਹੱਦ ਖੁਸ਼ੀ ਹੋਈ ਹੈ ਕਿਉਂਕਿ ਉਸ ਦੀ ਸ਼ਾਇਰੀ ਨੂੰ ਹੋਰ ਵੀ ਨੇੜੇ ਹੋ ਕੇ ਅਨੰਦ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਕੁਲਜੀਤ ਕੌਰ ਗ਼ਜ਼ਲ ਇੱਕ ਨੌਜੁਆਨ ਸ਼ਾਇਰਾ ਹੈ। ਇਸ਼ਕ ਦੇ ਅਹਿਸਾਸ ਵਿਚ ਓਤ-ਪੋਤ ਹੋਈ ਉਸ ਦੀ ਸ਼ਾਇਰੀ ਇਸ ਗੱਲ ਦੀ ਗਵਾਹ ਹੈ ਕਿ ਉਸ ਕੋਲ ਸੂਹਜ ਭਰਿਆ ਸੰਵੇਦਨਸ਼ੀਲ ਕਾਵਿਕ ਮਨ ਹੈ। ਉਸ ਦੀ ਸ਼ਾਇਰੀ ਦਿਲ ਦੀਆਂ ਡੂੰਘਣਾਂ ਤੱਕ ਜਾਣ ਦੀ ਸਮਰੱਥਾ ਰੱਖਦੀ ਹੈ। ਕੁਲਜੀਤ ਇਸ਼ਕ ਨੂੰ ਪਾਕ-



ਪਵਿੱਤਰ ਮੰਨਦੀ ਹੋਈ ਇਸ ਵਿੱਚ ਹੀ ਜਿਊਣਾ ਅਤੇ ਮਰਨਾ ਚਾਹੁੰਦੀ ਹੈ। ਉਸ ਦੇ ਹੇਠ ਲਿਖੇ ਸ਼ਿਅਰ ਇਸ ਗੱਲ ਦੀ ਹਾਮੀ ਭਰਦੇ ਹਨ :-

*ਇਸ਼ਕ ਮੇਰੀ ਜ਼ਿੰਦਗੀ ਤੇ ਲੋਕ ਮੇਰਾ ਇਸ਼ਕ ਨੇ*
*ਮੈਂ ਬਹੁਤ ਖੁਸ਼ ਹਾਂ ਕਿ ਮੈਨੂੰ ਇਸ਼ਕ ਤੋਂ ਫੁਰਸਤ ਨਹੀਂ।*

*ਏਸ ਗ਼ਜ਼ਲ ਨੂੰ ਐਵੇਂ ਮੈਲੀ ਕਹਿੰਦੇ ਹੋ*
*ਇਹ ਤਾਂ ਪਾਕ - ਪਵਿੱਤਰ ਇਸ਼ਕ ਦਾ ਝਰਨਾ ਹੈ।*

ਗ਼ਜ਼ਲ ਨੂੰ ਜਿੱਥੇ ਬਿਰਹਾ ਤੇ ਹਿਜਰ ਦੀ ਤੜਪ ਦਾ ਅਹਿਸਾਸ ਹੈ ਉਥੇ ਉਹ ਵਸਲ ਦੇ ਛਿਣਾਂ ਦੇ ਅਨੰਦ ਦੀ ਵੀ ਬਾਖ਼ੂਬੀ ਕਲਪਨਾ ਕਰ ਸਕਦੀ ਹੈ। ਉਸ ਦਾ ਇਹ ਸ਼ਿਅਰ ਦੇਖੋ:-

*ਇਹ ਰਾਤਾਂ ਸ਼ਰਬਤੀ ਹੁੰਦਿਆਂ ਤੇ ਦਿਨ ਤੀਆਂ ਜਹੇ ਹੁੰਦੇ,*
*ਜੇ ਨੈਣਾਂ ਨੂੰ ਤੇਰੇ ਮੁੱਖ ਦਾ ਨਜ਼ਾਰਾ ਮਿਲ ਗਿਆ ਹੁੰਦਾ।*

*ਲਿਆਉਂਦੀ ਤੋੜ ਕੇ ਤਾਰੇ ਮੈਂ ਸਰ ਕਰਦੀ ਅਕਾਸ਼ਾਂ ਨੂੰ,*
*ਜੇ ਮੇਰੀ ਪੀਂਘ ਨੂੰ ਤੇਰਾ ਹੁਲਾਰਾ ਮਿਲ ਗਿਆ ਹੁੰਦਾ।*

ਗ਼ਜ਼ਲ ਨੇ ਜਿੱਥੇ ਪਿਆਰ ਦੇ ਸਦੀਵੀ ਜਜ਼ਬੇ ਨੂੰ ਬੜੀ ਸ਼ਿੱਦਤ ਤੇ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਹੈ ਉਥੇ ਉਸ ਦੀ ਸ਼ਾਇਰੀ ਸਮਾਜਿਕ ਸਰੋਕਾਰਾਂ ਨਾਲ ਵੀ ਪੂਰੀ ਤਰ੍ਹਾਂ ਜੁੜੀ ਹੋਈ ਹੈ। ਉਸ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਅੰਤਾਂ ਦਾ ਮੋਹ ਹੈ, ਤਾਂ ਹੀ ਤਾਂ ਉਹ ਆਪਣੀ ਸ਼ਾਇਰੀ ਵਿਚ ਪਿੰਡ ਦੀਆਂ ਸੱਥਾਂ ਅਤੇ ਤ੍ਰਿੰਝਣਾਂ ਦੀ ਬਾਤ ਪਾਉਂਦੀ ਹੈ। ਉਸ ਦੀ ਕਲਮ ਇਸ ਗੱਲ ਤੋਂ ਵੀ ਨਾਵਾਕਿਫ ਨਹੀਂ ਕਿ ਕਿਸ ਤਰ੍ਹਾਂ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਰਿਸ਼ਤਿਆਂ ਦੀ ਟੁੱਟ-ਭੱਜ ਹੋ ਰਹੀ ਹੈ। ਅਧੁਨਿਕਵਾਦ ਦੇ ਨਾਮ ਹੇਠਾਂ ਰਿਸ਼ਤਿਆਂ ਦੇ ਅਸਲੀ ਨਾਮ ਗੁਆਚਦੇ ਜਾ ਰਹੇ ਹਨ। ਉਸ ਦੇ ਮਨ ਵਿਚ ਇਸ ਬਦਲਾਵ ਪ੍ਰਤੀ ਰੋਸ ਵੀ ਹੈ। ਹੇਠ ਲਿਖੇ ਸ਼ਿਅਰ ਇਹਨਾਂ ਸਚਾਈਆਂ ਦੀ ਪੂਰੀ ਤਰ੍ਹਾਂ ਤਰਜਮਾਨੀ ਕਰਦੇ ਹਨ:-

*ਪਿੰਡ ਦੀਆਂ ਸੱਥਾਂ, ਤ੍ਰਿੰਝਣ ਸਾਉਣ ਦਾ,*
*ਇਹ ਕਦੋਂ ਹੁਣ ਜੁੜਦੀਆਂ ਨੇ ਮਹਿਫ਼ਿਲਾਂ,*

*ਅਪਣਿਆਂ ਦੀ ਥਾਂ ਲਈ ਬੇਗਾਨਿਆਂ,*
*ਫੁੱਫੜਾਂ-ਭੂਆ ਦੀ ਆਂਟੀ ਅੰਕਲਾਂ।*
*ਅਪਣਿਆਂ ਦਾ ਖੂਨ ਚਿੱਟਾ ਹੋ ਗਿਆਂ,*
*ਹਰ ਕਿਸੇ ਦੇ ਦਿਲ ਤੇ ਜੰਮੀਆਂ ਖੁਸ਼ਕੀਆਂ।*

ਕੁਲਜੀਤ ਕੌਰ 'ਗ਼ਜ਼ਲ' ਇਸ ਗੱਲੋਂ ਭਲੀ ਭਾਂਤੀ ਵਾਕਿਫ਼ ਹੈ ਕਿ ਕਹਿਣ ਨੂੰ ਤਾਂ ਇਹ ਕਿਹਾ ਜਾਂਦਾ ਹੈ ਕਿ ਔਰਤ ਕੁਦਰਤ ਦੀ ਸਭ ਤੋਂ ਖੂਬਸੂਰਤ ਰਚਨਾ ਹੈ, ਉਹ ਮੋਹ ਮਮਤਾ ਦੀ ਮੂਰਤ ਹੈ। ਕੁਰਬਾਨਿਆਂ ਦੀ ਦੇਵੀ ਹੈ ਪਰ ਅਸਲੀਅਤ ਇਸ ਤੋਂ ਉਲਟ ਹੈ। ਉਸਨੂੰ ਤਾਂ ਜਨਮ ਤੋਂ ਹੀ ਬੋਝ ਸਮਝਿਆ ਜਾਂਦਾ ਹੈ। ਹੁਣ ਤਾਂ ਮਾਂ ਦੀ ਕੁੱਖ ਵੀ ਅਣਜੰਮੀ ਧੀ ਲਈ ਸੁਰੱਖਿਅਤ ਨਹੀਂ ਰਹੀ। ਭਰੂਣ ਹੱਤਿਆ ਸਾਡੇ ਸਮਾਜ ਲਈ ਕਲੰਕ ਬਣ ਚੁੱਕੀ ਹੈ। ਇਸ ਸਬੰਧੀ ਉਹ ਲਿਖਦੀ ਹੈ:-

*ਭੈਣ ਹਾਂ ਜਾਂ ਧੀ ਕਿਸੇ ਦੀ ਫੇਰ ਵੀ ਲਗਦੀ ਬੇਘਰ ਹਾਂ।*
*ਮਾਪਿਆਂ ਸਿਰ ਜਨਮ ਤੋਂ ਇੱਕ ਬੋਝ ਹਾਂ ਵੱਡਾ ਫਿਕਰ ਹਾਂ।*
*ਜਨਮ ਤੋਂ ਪਹਿਲਾਂ ਹੀ ਕਿਉਂ ਅਪਣੇ ਹੀ ਮੈਨੂੰ ਮਾਰ ਦਿੰਦੇ,*
*ਵੀਰ ਦੀ ਮੈਂ ਆਬਰੂ ਤੇ ਮਾਂ ਦਾ ਦਿਲ ਪਿਉ ਦਾ ਜਿਗਰ ਹਾਂ।*

ਇੱਕ ਹੋਰ ਸ਼ਿਅਰ ਦੇਖੋ:-

*ਮਾਸੀਆਂ ਭੈਣਾਂ ਨੂੰ ਤਰਸੋਗੇ ਤੁਸੀਂ,*
*ਇਸ ਕਦਰ ਦੁਰਕਾਰੀਆਂ ਜੇ ਲੜਕੀਆਂ।*

ਰੁੱਖਾਂ ਦੀ ਲਗਾਤਾਰ ਹੋ ਰਹੀ ਕਟਾਈ ਕਾਰਣ ਵਾਤਾਵਰਣ ਵਿਚ ਵਧ ਰਹੇ ਪ੍ਰਦੂਸ਼ਣ ਤੋਂ ਵੀ ਕੁਲਜੀਤ ਦੀ ਕਲਮ ਅਣਜਾਣ ਨਹੀਂ ਹੈ। ਰੁੱਖਾਂ ਤੋਂ ਬਿਨਾਂ ਮਨੁੱਖਾਂ ਦੀ ਕੋਈ ਹੋਂਦ ਨਹੀਂ ਹੈ ਪਰ ਫਿਰ ਵੀ ਮਨੁੱਖ ਰੁੱਖਾਂ ਦੀ ਮਹੱਤਤਾ ਨੂੰ ਨਾ ਸਮਝਦੇ ਹੋਏ ਉਹਨਾਂ ਨੂੰ ਕੱਟ ਕੇ ਦੁੱਖ ਦੇ ਰਿਹਾ ਹੈ। ਰੁੱਖ ਫਿਰ ਵੀ ਸੀ ਨਹੀਂ ਕਰਦੇ। ਰੁੱਖਾਂ ਦੇ ਇਸ਼ਕ, ਪਿਆਰ, ਤਿਆਗ ਦੀ ਸਾਰਥਕਤਾ ਨੂੰ ਦਰਸਾਉਂਦਾ ਹੋਇਆ ਉਸ ਦਾ ਇਹ ਸ਼ਿਅਰ ਦੇਖੋ:-

*ਮਾਂ-ਪਿਓ, ਭੈਣ-ਭਰਾਵਾਂ ਵਰਗੇ ਸਾਕ ਨਿਭਾਏ ਰੁੱਖਾਂ।*
*ਇਹਨਾਂ ਸਾਡਾ ਦਰਦ ਵੰਡਾਇਆਂ, ਦਿੱਤੀ ਪੀੜ ਮਨੁੱਖਾਂ।*



ਵਾਤਾਵਰਣ ਦੇ ਪ੍ਰਦੂਸ਼ਣ ਦੇ ਨਾਲ-ਨਾਲ ਸਮਾਜ ਵਿਚ ਕੋਹੜ ਵਾਂਗੂੰ ਫੈਲੇ ਭ੍ਰਿਸ਼ਟਾਚਾਰ ਦੇ ਪ੍ਰਦੂਸ਼ਣ ਬਾਰੇ ਵੀ ਕੁਲਜੀਤ ਬੜੀ ਬੇਬਾਕੀ ਨਾਲ ਲਿਖਦੀ ਹੈ । ਬਿਨਾਂ ਨੋਟਾਂ ਤੋਂ ਸਰਕਾਰੀ ਦਫਤਰਾਂ ਵਿੱਚ ਫਾਈਲਾਂ ਮਹੀਨਿਆਂ ਬੱਧੀ ਅੱਗੇ ਨਹੀਂ ਤੁਰਦੀਆਂ। ਇਸ ਤਲਖ ਸੱਚਾਈ ਤੇ ਉਹ ਖੂਬਸੂਰਤ ਅੰਦਾਜ਼ ਵਿੱਚ ਵਿਅੰਗ ਕਸਦੀ ਹੋਈ ਕਹਿੰਦੀ ਹੈ :-

*ਹਮੇਸ਼ਾ ਖਾਣ ਨੂੰ ਪੈਂਦੇ ਇਹ ਸਰਕਾਰੀ ਕਰਮਚਾਰੀ,*
*ਤਲੀ ਤੇ ਨੋਟ ਜੇ ਕੋਈ ਟਿਕਾ ਜਾਵੇ ਤਾਂ ਚੰਗਾ ਹੈ।*

ਡਾਲਰਾਂ ਤੇ ਪੌਂਡਾਂ ਦੀ ਚਮਕ ਦਮਕ ਕਾਰਣ ਸਾਡੇ ਦੇਸ਼ ਵਿਚ ਬ੍ਰੇਨ-ਡ੍ਰੇਨ ਹੋ ਰਿਹਾ ਹੈ। ਪਰਦੇਸਾਂ ਵਿਚ ਪਹੁੰਚੀ ਨੌਜੁਆਨ ਪੀੜ੍ਹੀ ਅਪਣੇ ਵਤਨ ਦੀ ਮਿੱਟੀ ਨਾਲ ਮੋਹ ਰੱਖਦੀ ਹੋਈ ਵੀ ਵਾਪਸ ਨਹੀਂ ਪਰਤਦੀ। ਪਿੱਛੇ ਰਹਿ ਗਏ ਮਾਂ-ਬਾਪ, ਪਤਨੀ ਤੇ ਬੱਚੇ ਰੋ ਰੋ ਬੇਹਾਲ ਹੋ ਜਾਂਦੇ ਹਨ। ਕੁਲਜੀਤ ਕੌਰ ਗ਼ਜ਼ਲ ਇਸ ਵਿਸ਼ੇ ਨੂੰ ਛੂਹਣ ਤੋਂ ਵੀ ਅਵੇਸਲੀ ਨਹੀਂ ਰਹੀ। ਬੜੇ ਹੀ ਦਿਲਖਿਚਵੇਂ ਅੰਦਾਜ਼ ਵਿਚ ਉਹ ਕਹਿੰਦੀ ਹੈ:-

*ਬੜਾ ਭਰਮਾ ਲਿਆ ਤੈਨੂੰ ਵਿਦੇਸ਼ੀ ਡਾਲਰਾਂ-ਪੌਂਡਾਂ,*
*'ਗ਼ਜ਼ਲ' ਦੀ ਜ਼ਿੰਦਗੀ ਬਣਦਾ ਉਹ ਤੈਥੋਂ ਖਤ ਨਾ ਸਰਿਆ ਹੈ।*

*ਉਡੀਕਾਂ ਰੋਜ਼ ਮੈਂ ਤੈਨੂੰ ਕਦੇ ਮੁੜ ਆ ਵਿਦੇਸ਼ਾਂ ਤੋਂ,*
*ਬੜੀ ਲੰਮੀ ਜੁਦਾਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ।*

*ਉਠ ਤੁਰਦਾ ਪਰਦੇਸੀ ਜਦ ਵੀ ਬੇਵਸ ਹੋ ਕੇ ਬਹਿ ਜਾਂਦੀ ਹਾਂ,*
*ਓਡਿਣ ਖਟੋਲਾ ਉਡ ਜਾਂਦਾ ਏ ਮੈਥੋਂ ਕੁਝ ਵੀ ਕਰ ਨ੍ਹੀਂ ਹੁੰਦਾ।*

*ਮਾਵਾਂ ਦੇ ਸਿਵੇ ਬਲ ਕੇ ਬੁਝ ਗਏ ਨੇ ਉਡੀਕਦਿਆਂ,*
*ਪਰਦੇਸ 'ਚ ਵਸਦਿਆਂ ਨੂੰ ਕੋਈ ਖ਼ਬਰ ਪੁਚਾ ਦੇਵੇ।*

ਉਸਦੇ ਅੰਦਰ-ਬਾਹਰ, ਆਸੇ-ਪਾਸੇ ਪਰਦੇਸ ਹੀ ਪਰਦੇਸ ਹੈ। ਪਤਾ ਨਹੀਂ ਕਿਉਂ ਉਸਦੀਆਂ ਰਚਨਾਵਾਂ ਵਿਚ ਹਰ ਥਾਂ ਪਰਦੇਸ ਛੁਪਿਆ ਹੋਇਆ ਹੈ। ਉਸਦੀਆਂ ਕੀਤੀਆਂ ਭਵਿੱਖਬਾਣੀਆਂ ਪਤਾ ਨਹੀਂ ਕਿਸ ਪਰਦੇਸੀ ਬਾਰੇ ਗੱਲ ਕਰਦੀਆਂ ਨੇ। ਕਿਤੇ ਕਿਤੇ ਉਹ ਨਿਰਾਸ਼ਾਵਾਦੀ ਵੀ ਹੋ ਜਾਂਦੀ ਹੈ, ਇਹ ਸ਼ਿਅਰ ਦੇਖੋ:-

*ਮੇਰੀ ਮੜ੍ਹੀ ਜਦ ਵੀ ਬਣੀ ਸਭ ਹੋਣਗੇ, ਪਰ ਤੂੰ ਨਹੀਂ।*
*ਜਦ ਮੌਤ ਦੀ ਚਾਦਰ ਤਣੀ ਸਭ ਹੋਣਗੇ ਪਰ ਤੂੰ ਨਹੀਂ।*

*ਤੇਰੇ ਬਿਨਾਂ ਪਰਦੇਸੀਆਂ ਫਿਰ ਕੀ ਗ਼ਜ਼ਲ ਦੀ ਹੋਂਦ ਹੈ?*
*ਮਿਸਰੇ,ਰਦੀਫਾਂ, ਰਾਗਣੀ ਸਭ ਹੋਣਗੇ ਪਰ ਤੂੰ ਨਹੀਂ।*

ਲੋਕ ਗੀਤਾਂ ਅਤੇ ਬੋਲੀਆਂ ਵਿਚ ਹਮੇਸ਼ਾ ਲਈ ਬੁਰੀ ਕਹਿਲਾਉਣ ਵਾਲੀ ਸੱਸ ਨੂੰ ਕੁਲਜੀਤ ਨੇ ਆਪਣੀ ਸ਼ਾਇਰੀ ਵਿਚ ਆਪਣੀ ਮਾਂ ਤੋਂ ਵੀ ਵੱਧ ਚੰਗਾ ਮੰਨਿਆ ਹੈ ਜੋ ਮੈਂ ਸਮਝਦੀ ਹਾ ਕਿ ਇਹ ਉਸਾਰੂ ਅਤੇ ਅਗਾਂਹ-ਵਧੂ ਸੋਚ ਦਾ ਪ੍ਰਗਟਾਵਾ ਹੈ। ਅਤੇ ਇਕ ਬਹੁਤ ਵਧੀਆ ਸ਼ਗਨ ਵੀ ਹੈ। ਦੇਖੋ ਇਸ ਸ਼ੇਅਰ ਦਾ ਕਮਾਲ :-

*ਜਿਸ ਦੀ ਕੁਖੋਂ ਜਨਮ ਲਿਆ ਮਾਸ਼ੂਕ ਮੇਰੇ,*
*ਆਪਣੀ ਮਾਂ ਤੋਂ ਲਗਦੀ ਉਸਦੀ ਮਾਂ ਚੰਗੀ ।*

ਕੁਲਜੀਤ ਕੌਰ ਗ਼ਜ਼ਲ ਦੀਆਂ ਗ਼ਜ਼ਲਾਂ ਵਾਚਦਿਆਂ ਮੈਨੂੰ ਪੂਰੀ ਤਰ੍ਹਾਂ ਮਹਿਸੂਸ ਹੋਇਆ ਕਿ ਉਸਨੂੰ ਇਲਮ ਏ ਆਰਜ਼ੂ ਦੀ ਭਰਪੂਰ ਜਾਣਕਾਰੀ ਹੈ। ਉਸ ਦੀ ਸਮੁੱਚੀ ਸ਼ਾਇਰੀ ਵਿਚ ਬਹਿਰਾਂ ਦੀ ਵੰਨ ਸਵੰਨਤਾ ਹੈ ਅਤੇ ਨਾਲ ਹੀ ਉਸ ਦੇ ਸ਼ਿਅਰਾਂ ਵਿਚ ਸਾਦਗੀ, ਸਰਲਤਾ, ਸਹਿਜਤਾ ਅਤੇ ਨਦੀ ਦੇ ਨਿਰੰਤਰ ਵਹਾਅ ਵਰਗੀ ਰਵਾਨੀ ਹੈ । ਮੁਹਬੱਤ ਦੀ ਚਾਸ਼ਨੀ ਵਿਚ ਗਲੇਫ਼ੀ ਹੋਈ ਉਸ ਦੀ ਸ਼ਾਇਰੀ ਕਦੇ ਤਾਂ ਤ੍ਰੇਲ ਧੋਤੇ ਮਹਿਕਾਂ ਵੰਡਦੇ ਤਾਜ਼ੇ ਖਿੜੇ ਅਤੇ ਤਿਤਲੀਆਂ ਸੰਗ ਕਲੋਲਾਂ ਕਰਦੇ ਫੁੱਲਾਂ ਵਰਗੀ ਜਾਪਦੀ ਹੈ ਅਤੇ ਕਦੇ ਲੋਕਾਈ ਦੇ ਦਰਦ ਦੀ ਦਵਾ ਬਣ ਕੇ ਸਾਹਮਣੇ ਆਉਂਦੀ ਹੈ।

ਮੈਂ ਕੁਲਜੀਤ ਕੌਰ ਗ਼ਜ਼ਲ ਨੂੰ ਇਸ ਅਨੂਠੇ ਗ਼ਜ਼ਲ ਸੰਗ੍ਰਹਿ' ਤਰੇਲ ਜਿਹੇ ਮੋਤੀ' ਲਈ ਦਿਲੀ ਮੁਬਾਰਕਬਾਦ ਦਿੰਦੀ ਹਾਂ । ਮੈਨੂੰ ਪੂਰਨ ਆਸ ਹੈ ਕਿ ਪਿਆਰੀ ਬੇਟੀ ਕੁਲਜੀਤ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਨਵੇਂ ਪੂਰਨੇ ਪਾਵੇਗੀ ਅਤੇ ਇਸ ਦੀਆਂ ਗ਼ਜ਼ਲਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲੇਗਾ । ਮੈਂ ਦੁਆ ਕਰਦੀ ਹਾਂ ਕਿ ਗ਼ਜ਼ਲ ਦੀ ਕਲਮ ਹੋਰ ਵੀ ਬੁਲੰਦੀਆਂ ਨੂੰ ਛੂਹੇ ।

ਆਮੀਨ !


***-ਗੁਰਚਰਨ ਕੌਰ ਕੋਚਰ***
***464- ਬੀ, ਭਾਈ ਰਣਧੀਰ ਸਿੰਘ ਨਗਰ,***
***ਲੁਧਿਆਣਾ- 141012***
***ਫੋਨ : 0161-2458464 (ਘਰ) 94170-31464***




## ਖੰਭਾਂ ਦੀ ਪਰਵਾਜ਼

ਤੇਰੀਆਂ ਭੇਜੀਆਂ ਗ਼ਜ਼ਲਾਂ ਨੂੰ ਪੜ੍ਹਦਿਆਂ ਵਾਚਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਤੂੰ ਖਿਆਲਾਂ ਦੇ ਸਮੁੰਦਰ ਨੂੰ ਰਿੜਕ ਕੇ ਵੰਨ-ਸੁਵੰਨੇ ਸ਼ੇਅਰਾਂ ਨੂੰ ਪਹਿਲਾਂ ਕੈਨਵਸ ਤੇ ਉਤਾਰਿਆ ਹੈ ਤੇ ਫੇਰ ਉਹਨਾਂ ਵਿੱਚ ਸ੍ਰਿਸ਼ਟੀ ਦੇ ਸਾਰੇ ਰੰਗ ਭਰ ਕੇ ਸਜਾਇਆ ਸੰਵਾਰਿਆ ਹੈ। ਜਿੱਥੇ ਤੂੰ ਬੇਖ਼ੌਫ ਹੋ ਕੇ ਸਵਾਲ ਉਠਾਏ ਨੇ ਉਥੇ ਕੁਝ ਐਲਾਨ ਵੀ ਕੀਤੇ ਨੇ। ਸੱਚਮੁੱਚ ਤੇਰੇ ਸ਼ੇਅਰਾਂ 'ਚੋਂ ਤੇਰੇ ਉੱਗ ਰਹੇ ਖੰਭਾਂ ਦੀ ਪਰਵਾਜ਼ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਲੰਮੀ ਉਡਾਰੀ ਲਈ ਢੇਰ ਸਾਰੀਆਂ ਸ਼ੁਭਕਾਮਨਾਵਾਂ।

***-ਅਮਰਜੀਤ ਕੌਰ ਨਾਜ਼***

## ਕਾਵਿਕ ਬਿੰਬ ਅਤੇ ਮੁਹਾਵਰੇਦਾਰ ਬੋਲੀ

ਕੁਲਜੀਤ ਕੌਰ 'ਗ਼ਜ਼ਲ' ਦੀ ਸ਼ਾਇਰੀ ਵਿੱਚ ਮਹੁੱਬਤ ਅਤੇ ਬਗ਼ਾਵਤੀ ਸੁਰ ਭਾਰੂ ਹੋਣ ਕਰਕੇ ਉਸਦੀ ਸ਼ਾਇਰੀ ਦਾ ਘੇਰਾ ਵਿਸ਼ਾਲ ਹੋਣਾ ਸੁਭਾਸਿਕ ਹੈ। ਸਰਲ ਭਾਸ਼ਾ, ਨਿਵੇਕਲੇ ਕਾਵਿਕ ਬਿੰਬ ਅਤੇ ਮੁਹਾਵਰੇਦਾਰ ਬੋਲੀ ਉਸਦੀ ਸ਼ਾਇਰੀ ਦੇ ਹਾਸਿਲ ਹਨ। 'ਗ਼ਜ਼ਲ' ਕਾਵਿਕ ਉਡਾਰੀਆਂ ਭਰਨ ਲਈ ਦਿਲੋਂ ਯਤਨਸ਼ੀਲ਼ ਹੈ, ਇਹ ਪ੍ਰਤੀਬੱਧਤਾ ਉਸਦੀ ਸਫ਼ਲਤਾ ਦਾ ਸਾਧਨ ਬਣੇਗੀ।

***-ਰੂਪ ਦਬੁਰਜੀ***
***ਪਿੰਡ ਦਬੁਰਜੀ (ਕਪੂਰਥਲਾ)***

## ਦਿਲਕਸ਼ ਸ਼ਬਦਾਵਲੀ ਵਿੱਚ ਅੰਕਿਤ ਗਜ਼ਲਾਂ

ਗੀਤ ਕਵਿਤਾ ਜਾਂ ਗ਼ਜ਼ਲ ਲਿਖਣਾ ਇੱਕ ਬਹੁਤ ਵੱਡੀ ਕਲਾ ਹੈ। ਇਹ ਇੱਕ ਕੁਦਰਤੀ ਵਰਦਾਨ ਹੈ। ਇਨਾਂ ਨੂੰ ਲਿਖਣ ਸਮੇਂ ਸੁਰ, ਤਾਲ ਜਾਂ ਲੈਅ ਦਾ ਪੂਰਾ ਗਿਆਨ ਹੋਣਾ ਸੋਨੇ ਉੱਪਰ ਸੁਹਾਗੇ ਵਾਲੀ ਗੱਲ ਹੈ। ਮੌਜੂਦਾ ਦੌਰ ਜਿੱਥੇ ਵਿਗਿਆਨ ਦਾ ਦੋਰ ਹੈ, ਉਥੇ ਇਨਸਾਨ ਕੋਲ ਦਿਨ-ਬ-ਦਿਨ ਆਪਣੇ ਵਾਸਤੇ ਸਮਾਂ ਘਟਦਾ ਜਾ ਰਿਹਾ ਹੈ। ਉਸ ਕੋਲ ਆਪਣੇ ਆਲੇ ਦੁਆਲੇ ਨੂੰ ਸਮਝਣ ਜਾਂ ਪਰਖਣ ਲਈ ਸਮਾਂ ਲਗਭਗ ਨਾ ਹੋਣ ਦੇ ਬਰਾਬਰ ਹੀ ਹੈ। ਵੱਡੀਆਂ ਕਿਤਾਬਾਂ ਅਤੇ ਲੰਬੀਆਂ ਚੋੜੀਆਂ ਰਚਨਾਂਵਾਂ ਪੜ੍ਹਨ ਦਾ ਆਨੰਦ ਮਾਨਣਾ ਅੱਜ ਦੇ ਇਨਸਾਨ ਦੇ ਭਾਗਾ ਵਿੱਚੋਂ ਅਲੋਪ ਹੋ ਹਿਹਾ ਹੈ। ਅਸੀਂ ਝੱਟ ਪਟ ਜਾਂ ਫਟਾ-ਫਟ ਕੰਮ ਅਤੇ ਨਤੀਜੇ ਪ੍ਰਾਪਤ ਕਰਨ ਦੇ ਆਦੀ ਹੋ ਰਹੇ ਹਾਂ। ਅਜਿਹੇ ਸਮੇਂ ਵਿੱਚ ਛੋਟੀ ਅਤੇ ਸੰਖੇਪ ਰਚਨਾ ਦਾ ਪਾਠਕਾਂ ਦੁਆਰਾ ਪੰਸਦ ਕੀਤਾ ਜਾਣਾ ਕੁਦਰਤੀ ਹੈ। ਮੇਰੇ ਖਿਆਲ ਮੁਤਾਬਕ ਹਥਲੀ ਕਿਤਾਬ ਵਿਚਲੀ ਹਰ ਨਜ਼ਮ ਹੀ ਵਿਚਾਰ ਪੱਖੋ ਵੱਡੀ ਪਰ ਸੰਖੇਪ ਹੈ।

ਮੈਨੂੰ ਇਸ ਗਲ ਦੀ ਬੇਹਦ ਖੁਸ਼ੀ ਹੈ ਕਿ 'ਤਰੇਲ ਜਿਹੇ ਮੋਤੀ' ਛਪਣ ਤੋਂ ਪਹਿਲਾਂ ਸਰਦਾਰ ਪੰਛੀ ਸਾਹਿਬ ਅਤੇ ਬੀਬੀ ਗੁਰਚਰਨ ਕੌਰ ਕੋਚਰ ਦੀ ਨਜ਼ਰ ਹੇਠ ਆ ਚੁੱਕੀ ਹੈ। ਉਹਨਾਂ ਨੇ ਆਪੋ ਆਪਣੇ ਮੁੱਖਬੰਦਾਂ ਵਿੱਚ ਗ਼ਜ਼ਲ ਦੀ ਰੂਪ ਰੇਖਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਹੈ। ਮੈਨੂੰ ਇਹ ਲਿਖਣ ਵਿੱਚ ਕੋਈ ਝਿਜਕ ਨਹੀਂ ਕਿ ਗ਼ਜ਼ਲ ਦੇ ਵੱਖੋ-ਵੱਖਰੇ ਰੂਪਾਂ ਬਾਰੇ ਮੈਨੂੰ ਗਿਆਨ ਨਹੀਂ ਹੈ। ਪਰ ਗਜਲ ਨੂੰ ਪੜ੍ਹ ਕੇ ਅਨੰਦ ਮਾਨਣ ਤੋਂ ਮੈਂ ਕਿਸੇ ਨਾਲੋਂ ਪਿੱਛੇ ਵੀ ਨਹੀਂ ਹਾਂ। ਪੰਜਾਬੀ ਵਿੱਚ ਲਿੱਖ ਕੇ ਕਿਤਾਬ ਨੂੰ ਛਪਵਾ ਕੇ ਪਾਠਕਾਂ ਤੱਕ ਪਹੁੰਚਾਉਣਾ ਇੱਕ ਚੁਣੋਤੀ ਭਰਿਆ ਕੰਮ ਹੈ। ਅਸੀਂ ਕੋਠੀਆਂ, ਬੰਗਲੇ, ਫੈਕਟਰੀਆਂ, ਗੱਡੀਆਂ, ਵੱਡੀਆਂ ਜਾਇਦਾਦਾਂ ਆਦਿ ਦੇ ਮਾਲਕ ਹੋਣ ਦੇ ਬਾਵਜੂਦ ਵੀ ਆਪਣੀ ਮਾਂ ਬੋਲੀ ਵਿੱਚ ਲਿੱਖੀ ਕਿਤਾਬ ਨੂੰ ਮੁੱਲ ਖਰੀਦਣ ਵਿੱਚ ਕਾਫੀ ਕੰਗਾਲ ਹਾਂ। ਅਸੀਂ ਅਜੇ ਅਪਣੀ ਮਾਂ ਬੋਲੀ ਪ੍ਰਤੀ ਸੁਹਿਰਦ ਵੀ ਨਹੀਂ ਹਾਂ। ਸਾਨੂੰ ਪਤਾ ਨਹੀਂ ਕਿਉਂ ਆਪਣੀ ਮਾਂ ਬੋਲੀ ਵਿਚ ਲਿਖਿਆ ਸਾਹਿੱਤ ਪ੍ਰਭਾਵਤ ਨਹੀਂ ਕਰਦਾ? ਦੁਨੀਆਂ ਦੀਆਂ ਹੋਰ ਕੌਮਾਂ ਅਪਣੀ ਮਾਂ ਬੋਲੀ ਅਤੇ ਸਭਿਆਚਾਰ ਪ੍ਰਤੀ ਪੂਰੀਆਂ ਸੁਚੇਤ ਹੋ



ਰਹੀਆਂ ਹਨ। ਸਾਨੂੰ ਪੰਜਾਬੀਆਂ ਨੂੰ ਇਸ ਵੱਲ ਵਧੇਰੇ ਧਿਆਨ ਦੇਣ ਦੀ ਜ਼ਰੂਰਤ ਹੈ।

ਹਥਲੀ ਕਿਤਾਬ ਕੁਲਜੀਤ ਕੌਰ 'ਗ਼ਜ਼ਲ' ਦੀ ਪਲੇਠੀ ਕਿਤਾਬ ਹੈ। ਜਿੱਥੇ ਮੈਂ ਅਪਣੇ ਵੱਲੋਂ ਉਸਨੂੰ ਇਸ ਕਿਤਾਬ ਲਈ ਮੁਬਾਰਕਬਾਦ ਪੇਸ਼ ਕਰਦਾ ਹਾਂ, ਉਥੇ ਆਸ ਕਰਦਾ ਹਾਂ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਆਪਣੀ ਮਾਂ ਬੋਲੀ ਵਿਚ ਲਿਖਣ ਨੂੰ ਤਰਜੀਹ ਦੇਵੇਗੀ। ਉਸਦੀਆਂ ਨਜ਼ਮਾਂ ਵਿਚ ਆਪਣੇ ਸਮਾਜ ਦੀਆਂ ਵੱਖੋਂ ਵੱਖਰੀਆਂ ਵੰਨਗੀਆਂ ਬਹੁਤ ਹੀ ਸੁੰਦਰ ਅਤੇ ਦਿਲਕਸ਼ ਸ਼ਬਦਾਵਲੀ ਵਿਚ ਅੰਕਿਤ ਹੈ। ਉਸ ਕੋਲ ਲਿਖਣ ਸਮੇਂ ਵਿਚਾਰਾਂ ਅਤੇ ਸ਼ਬਦਾਂ ਦਾ ਖੂਬਸੂਰਤ ਭੰਡਾਰ ਹੈ। ਉਸ ਨੂੰ ਆਪਣੀ ਲੇਖਣੀ ਵਿਚ ਗੱਲ ਨੂੰ ਕਹਿਣ ਦਾ ਢੰਗ ਅਤੇ ਜੁਰਅਤ ਹੈ। ਸਮਾਜ਼ ਵਿਚਲੀਆਂ ਕੁਰੀਤੀਆਂ ਤੋਂ ਇਲਾਵਾ ਮੌਜੂਦਾ ਯੁਗ ਨੂੰ ਪੇਸ਼ ਆ ਰਹੀਆਂ ਦਰਪੇਸ਼ ਚੁਣੌਤੀਆਂ ਉਸਦੀਆਂ ਰਚਨਾਵਾਂ ਦਾ ਸਿੰਗਾਰ ਹਨ। ਤੇਹ, ਪਿਆਰ, ਮੁਹੱਬਤ ਦੇ ਨਾਲ-ਨਾਲ ਨਕਲ ਵਿਛੋੜੇ ਜਾਂ ਬ੍ਰਿਹਾ ਦੇ ਦਰਦ ਨੂੰ ਉਸਨੇ ਆਪਣੀਆਂ ਨਜ਼ਮਾਂ ਦਾ ਇੱਕ ਹਿੱਸਾ ਬਣਾਇਆ ਹੈ। ਮੈਂ ਤਾਂ ਸਿਰਫ਼ ਇਹੀ ਕਹਾਂਗਾ ਕਿ ਹਥਲੀ ਕਿਤਾਬ ਕੁਲਜੀਤ ਦੀਆਂ ਸੰਭਾਵਨਾਵਾਂ ਦੀ ਪ੍ਰਤੀਕ ਹੈ। ਸਾਨੂੰ ਇਹ ਕਿਤਾਬ ਆਪਣੇ ਖਰਚੇ ਉਪਰ ਛਪਵਾ ਕੇ ਪੰਜਾਬੀ ਜਗਤ ਦੇ ਸਨਮੁਖ ਕਰਨ ਦੀ ਅਥਾਹ ਖੁਸ਼ੀ ਹੈ। ਪ੍ਰਮਾਤਮਾ ਕੁਲਜੀਤ ਦੀ ਕਲਮ ਨੂੰ ਹੋਰ ਵੀ ਬਲ ਬਖਸ਼ੇ ਅਤੇ ਉਹ ਆਉਣ ਵਾਲੇ ਸਮੇਂ ਵਿਚ ਆਪਣੀ ਮਾਂ ਬੋਲੀ ਦੀ ਝੋਲੀ ਪਾਏਦਾਰ ਰਚਨਾਵਾਂ ਨਾਲ ਭਰਦੀ ਰਹੇ। ਸਾਡੀਆਂ ਦੁਆਵਾਂ ਅਤੇ ਸ਼ੁਭਕਾਮਨਾਵਾਂ ਕੁਲਜੀਤ ਦੇ ਨਾਲ ਹਨ।

ਅਸੀਂ ਆਪਣੇ ਵੱਲੋਂ ਪਾਠਕਾਂ ਨੂੰ ਸਨਿਮਰ ਬੇਨਤੀ ਵੀ ਕਰਦੇ ਹਾਂ ਕਿ ਉਹ ਆਪਣੇ ਕੀਮਤੀ ਸੁਝਾਅ ਭੇਜ ਕੇ ਕੁਲਜੀਤ ਦੀ ਹੌਂਸਲਾ ਅਫਜ਼ਾਈ ਜ਼ਰੂਰ ਕਰਨ।

ਆਪਣੀ ਮਾਂ ਬੋਲੀ ਉਪਰ ਮਾਣ ਕਰਨ ਵਾਲਾ ਇਕ ਪ੍ਰਦੇਸੀ ਪੰਜਾਬੀ

***-ਮੋਤਾ ਸਿੰਘ ਸਰਾਏ***
***ਯੁਰਪੀਅਨ ਪੰਜਾਬੀ ਸੱਥ***
***22 Othello Avenue***
***Heathcote, Warwick***
***Warwickshire***
***CV34 6ED. UK***
***Mobile. 07850750109***
***Email: singh_m_sarai@hotmail.com***

# ਮੇਰੀ ਗੱਲ

ਆਪਣੀ ਕਿਤਾਬ ਨੂੰ ਲੈ ਕੇ ਮੈਂ ਬੜੀ ਉਤਸੁਕ ਸਾਂ। ਤੇ ਹੁਣ ਇਹ ਮੇਰੀ ਗਜਲਾਂ ਦੀ ਕਿਤਾਬ ਛਪਣ ਦੀ ਖ਼ੁਸ਼ੀ ਨਾ ਹੀ ਮੈਥੋਂ ਸਾਂਭੀ ਜਾ ਰਹੀ ਹੈ ਨਾ ਹੀ ਬਿਆਨ ਹੋ ਰਹੀ ਹੈ। ਮੇਰੀ ਇਹ ਤਮੰਨਾ ਜਿਹਨਾਂ ਲੋਕਾਂ ਦੇ ਪਿਆਰ, ਅਪਣੱਤ ਸਦਕਾ ਪੂਰੀ ਹੋਈ, ਮੈਂ ਉਹਨਾਂ ਦੀ ਕਰਜ਼ਦਾਰ ਹਾਂ।

ਸਭ ਤੋਂ ਪਹਿਲਾਂ ਤਾਂ ਮੈਂ ਆਪਣੇ ਪ੍ਰਮਾਤਮਾ ਦਾ ਸ਼ੁਕਰੀਆ ਅਦਾ ਕਰਦੀ ਹਾਂ, ਜਿਸ ਨੇ ਮੇਰੇ ਸਿਰ ਤੇ ਸਦਾ ਮਿਹਰ ਭਰਿਆ ਹੱਥ ਰੱਖਿਆ ਹੈ, ਜਿਸ ਨੇ ਮੈਨੂੰ ਪਿਆਰ ਭਰਿਆ ਦਿਲ ਦਿੱਤਾ, ਸ਼ੁੱਧ ਸੋਚ ਦਿੱਤੀ ਤੇ ਹੱਥ ਵਿਚ ਕਲਮ ਦਿੱਤੀ। ਮੇਰੇ ਮੰਮੀ ਡੈਡੀ, ਭੈਣ ਭਰਾ ਤੇ ਬਾਕੀ ਸਾਰਾ ਪਰਿਵਾਰ ਜਿਹਨਾਂ ਵਲੋਂ ਜੇ ਸਹੀ ਸਮੇਂ ਤੇ ਮੈਨੂੰ ਸਹਿਯੋਗ ਨਾ ਮਿਲਦਾ ਤਾਂ ਮੇਰੀ ਕਲਾ ਕਿਤੇ ਦੱਬ ਦਬਾ ਕੇ ਖਤਮ ਹੋ ਜਾਣੀ ਸੀ। ਮੈਂ ਉਹਨਾਂ ਪਲਾਂ ਨੂੰ ਕਦੇ ਵੀ ਨਹੀਂ ਭੁੱਲ ਸਕਦੀ, ਜਦੋਂ ਮੈਂ ਸਾਇੰਸ ਦੀ ਵਿਦਿਆਰਥਣ ਸਾਂ, ਰਾਤ ਪੜ੍ਹਦਿਆਂ-ਪੜ੍ਹਦਿਆਂ ਕਵਿਤਾ ਵੀ ਆਣ ਘੇਰਾ ਪਾਉਂਦੀ, ਕਵਿਤਾ ਨੂੰ ਸਿਰਹਾਣੇ ਜਾਂ ਹਿੱਕ ਤੇ ਧਰ ਕੇ ਘੂਕ ਸੌਂ ਜਾਂਦੀ, ਬੱਤੀ ਜਗਦੀ ਰਹਿ ਜਾਂਦੀ, ਮੇਰੀ ਮਾਂ ਪਤਾ ਨਹੀਂ ਕਿਹੜੇ ਵੇਲੇ ਆਉਂਦੀ, ਮੇਰੀ ਕਵਿਤਾ ਪੜ੍ਹਦੀ, ਗੁੱਸੇ ਨਾਲ ਅੱਗ ਬਬੂਲਾ ਹੋ ਕੇ ਮੇਰੀ ਸੁੱਤੀ ਪਈ ਦੀ ਗੱਲ੍ਹ ਤੇ ਕੱਸ ਕੇ ਥੱਪੜ ਮਾਰਦੀ, ਏਨੇ ਭਾਰੇ ਹੱਥ ਦੀ ਚੋਟ ਕਾਰਨ ਮੈਂ ਅੱਬੜਵਾਹੇ ਉਠੱਦੀ, ਮੰਮੀ ਦੇ ਹੱਥ ਵਿੱਚ ਕਵਿਤਾ ਵੇਖ ਕੇ ਪਾਣੀ-ਪਾਣੀ ਹੋ ਜਾਂਦੀ, ਲੁਕਣ ਨੂੰ ਜਗ੍ਹਾ ਨਾ ਲੱਭਦੀ, ਮੰਮੀ ਦੀਆਂ ਖੂਬ ਚਪੇੜ੍ਹਾਂ, ਝਿੜਕਾਂ ਖਾ ਕੇ ਫਿਰ ਪੈ ਜਾਂਦੀ। ਇਸ ਤਰ੍ਹਾਂ ਸਾਰਾ ਪਰਿਵਾਰ ਮੇਰੀ ਕਵਿਤਾ ਤੋਂ ਤੰਗ ਸੀ।

ਮੈਂ ਆਪਣੇ ਉਸਤਾਦ ਸਰਦਾਰ ਪੰਛੀ ਹੁਰਾਂ ਦੀ ਧੰਨਵਾਦੀ ਹਾਂ ਜਿਹਨਾਂ ਸਦਕਾ ਮੇਰੇ ਪ੍ਰੀਵਾਰ ਦੀ ਸੋਚ ਇੱਕ ਦਮ ਬਦਲ ਗਈ ਤੇ ਮੈਨੂੰ ਲਿਖਣ ਦੀ ਖੁੱਲ੍ਹ ਮਿਲ ਗਈ। ਸਰਦਾਰ ਪੰਛੀ ਹੁਰਾਂ ਸਦਕਾ ਹੀ ਮੈਂ ਗ਼ਜ਼ਲ ਨੂੰ ਸਮਝ ਸਕੀ ਹਾਂ।

ਅੱਜ ਮੇਰੇ ਮਾਤਾ-ਪਿਤਾ ਤੇ ਭੈਣ ਭਰਾ ਪੂਰੀ ਤਰ੍ਹਾਂ ਮੇਰੇ ਨਾਲ ਹਨ। ਮੇਰੀ ਛੋਟੀ ਭੇਣ ਹਰਿੰਦਰ ਕੌਰ ਕਾਹਲੋਂ ਜਿਸ ਦੇ ਅਹਿਸਾਨ ਕਦੇ ਨਹੀਂ ਭੁੱਲ ਹੋਣੇ, ਉਹ ਮੇਰੀ ਚੰਗੀ ਦੋਸਤ ਵੀ ਹੈ ਤੇ ਮੇਰੀ ਪਹਿਲੀ ਪਾਠਕ ਵੀ। ਹਰ ਰਚਨਾ ਪੂਰੀ ਹੋਣ ਤੇ ਉਸ ਨੂੰ ਹੀ ਸਭ ਤੋਂ ਪਹਿਲਾਂ ਪੜ੍ਹਾਉਂਦੀ ਹਾਂ, ਜੋ ਮੇਰੀਆਂ ਕਮੀਆਂ, ਤਰੁੱਟੀਆਂ



ਸੱਚੇ ਦੋਸਤ ਵਾਂਗ ਮੈਨੂੰ ਦੱਸਦੀ ਰਹਿੰਦੀ ਹੈ। ਕਹਾਣੀਕਾਰ ਤਲਵਿੰਦਰ ਜੀ ਦੀ ਧੰਨਵਾਦੀ ਹਾਂ, ਜਿੰਨਾਂ ਨੇ ਸ਼ੁਰੂ 'ਚ ਮੈਨੂੰ ਸਹੀ ਰਾਹ ਦਿਖਾਇਆ। ਮੈਂ ਬਲਬੀਰ ਪਰਵਾਨਾ ਜੀ, ਕੁਲਦੀਪ ਸਿੰਘ ਬੇਦੀ ਜੀ ਜੰਗ ਬਹਾਦਰ ਘੁੰਮਣ ਜੀ, ਰਾਮ ਸਰੂਪ ਅਣਖੀ ਜੀ, ਇੰਦਰਜੀਤ ਸਿੰਘ ਆਦਿ ਸਭ ਦਾ ਸ਼ੁਕਰੀਆ ਅਦਾ ਕਰਦੀ ਹਾਂ ਜਿੰਨ੍ਹਾਂ ਦੀ ਘੋਖਵੀਂ ਨਜ਼ਰ ਨੇ ਮੇਰੀਆਂ ਰਚਨਾਵਾਂ ਨਾਲ ਕਦੇ ਵੀ ਬੇਇਨਸਾਫੀ ਨਹੀਂ ਹੋਣ ਦਿੱਤੀ। ਪਾਠਕਾਂ ਦੇ ਪਿਆਰ ਨੂੰ ਵੀ ਮੈਂ ਅੱਖੋਂ-ਪਰੋਖੇ ਨਹੀਂ ਕਰ ਸਕਦੀ। ਉਹਨਾਂ ਦੇ ਢੇਰਾਂ ਖ਼ਤ ਉਹਨਾਂ ਦੀ ਮੁਹੱਬਤ ਦਾ ਸਬੂਤ ਹਨ। ਪੈਰ-ਪੈਰ ਤੇ ਮੈਨੂੰ ਹੌਂਸਲਾ ਦੇਣ ਵਾਲੇ ਜਸਵੀਰ ਸਿੰਘ ਰਾਣਾ, ਰੂਪ ਦਬੁਰਜੀ, ਫਤਿਹ ਜਗਜੀਤ, ਨਿਰਮਲ ਕੌਰ ਸੰਧੂ, ਦੇਸ ਰਾਜ ਜੀਤ, ਪੀਰ ਕਾਦਰੀ, ਨਰਿੰਦਰ ਬੱਲ ਤੇ ਸੁਸ਼ੀਲ ਰਹੇਜਾ ਹੁਰਾਂ ਦਾ ਵੀ ਧੰਨਵਾਦ ਕਰਨਾ ਬਣਦਾ ਹੈ।

ਮੇਰੀਆਂ ਵੱਡੀਆਂ ਭੈਣਾਂ ਗੁਰਚਰਨ ਕੌਰ ਕੋਚਰ, ਅਮਰਜੀਤ ਕੌਰ ਨਾਜ਼, ਵਰਿੰਦਰ ਪੰਨੂ, ਬਲਵਿੰਦਰ ਸਰਘੀ, ਸੁਰਿੰਦਰਜੀਤ, ਸੀਮਾ ਹੁਰਾਂ ਦੇ ਲਾਡ ਨੇ ਮੈਨੂੰ ਹੋਰ ਸਵਾਰਿਆ ਹੈ, ਮੈਂ ਇਹਨਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਹਨਾਂ ਮੈਨੂੰ ਪੜ੍ਹ-ਵਿਚਾਰਨ ਦੀ ਆਦਤ ਪਾਈ।

ਜਗਜੀਤ ਸਿੰਘ ਮਹਿਮੀ ਹੁਰਾਂ ਦੀ ਵੀ ਕਰਜ਼ਦਾਰ ਹਾਂ, ਜਿਹਨਾਂ ਮੇਰੇ ਔਖੇ ਵੇਲਿਆਂ ਵਿੱਚ ਮੈਨੂੰ ਡੋਲ੍ਹਣ ਨਹੀਂ ਦਿੱਤਾ, ਜੋ ਵੱਡੇ ਵੀਰਾਂ ਵਾਂਗ, ਸੱਚੇ ਦੋਸਤਾਂ ਵਾਂਗ ਤੇ ਹਮਦਰਦ ਇਨਸਾਨਾਂ ਵਾਂਗ ਰੱਬ ਜਿੱਡਾ ਆਸਰਾ ਬਣਦੇ ਰਹੇ।

ਅੰਤ ਵਿੱਚ ਮੈਂ ਸ. ਮੋਤਾ ਸਿੰਘ ਸਰਾਏ ਹੁਰਾਂ ਦਾ ਦਿਲੀ ਸ਼ੁਕਰੀਆ ਅਦਾ ਕਰਦੀ ਹਾਂ, ਜਿਹਨਾਂ ਦੇ ਸਹਿਯੋਗ, ਉਤਸ਼ਾਹ, ਅਪਣੱਤ ਤੇ ਪਿਆਰ ਦੇ ਬਿਨਾਂ ਮੇਰੀ ਰੀਝ ਸੰਪੂਰਨ ਨਹੀਂ ਹੋਣੀ ਸੀ। ਉਹਨਾਂ ਦੇ ਵਿਅਕਤੀਤਵ ਦਾ ਮੇਰੇ ਤੇ ਖਾਸ ਪ੍ਰਭਾਵ ਹੈ। ਉਹ ਹੰਭਲਾ ਨਾ ਮਾਰਦੇ ਤਾਂ ਮੇਰੀ ਕਿਤਾਬ ਦੀ ਸਥਿਤੀ ਕੁਝ ਹੋਰ ਹੋਣੀ ਸੀ, ਸੋ, ਮੇਰਾ ਰੋਮ ਰੋਮ ਸ. ਮੋਤਾ ਸਿੰਘ ਸਰਾਏ ਤੇ ਉਹਨਾਂ ਦੇ ਪਰਿਵਾਰ ਦਾ ਕਰਜ਼ਦਾਰ ਹੈ। ਮੈਨੂੰ ਪੂਰੀ ਉਮੀਦ ਹੈ ਕਿ ਮੇਰੀ ਇਹ ਗ਼ਜ਼ਲਾਂ ਦੀ ਕਿਤਾਬ ਪਾਠਕਾਂ ਨੂੰ ਜ਼ਰੂਰ ਪਸੰਦ ਆਵੇਗੀ। ਉਮੀਦ ਹੈ ਕਿ ਪਾਠਕ ਮੈਨੂੰ ਖ਼ਤ ਵੀ ਲਿਖਣਗੇ ਤੇ ਮੇਰੀਆਂ ਕਮੀਆਂ-ਤਰੁੱਟੀਆਂ ਵੀ ਦੱਸਣਗੇ, ਇਸ ਲਈ ਪਾਠਕਾਂ ਪਿਆਰੀਆਂ ਨੂੰ ਬੇਨਤੀ ਹੈ ਕਿ ਕਿਤਾਬ ਪੜ੍ਹ ਕੇ ਫੋਨ ਨਾ ਕਰਿਓ, ਮੈਨੂੰ ਚਿੱਠੀ ਪਾਇਓ, ਮੈਨੂੰ ਵੱਧ ਖ਼ੁਸ਼ੀ ਮਿਲੇਗੀ।

ਹੁੰਗਾਰੇ ਦੀ ਉਡੀਕ ਵਿੱਚ,

*-ਕੁਲਜੀਤ ਕੌਰ 'ਗ਼ਜ਼ਲ'*

ਜਦ ਸੋਚ ਨੂੰ ਪਰ ਲੱਗਣ ਅੰਬਰ ਵੀ ਮੁਕਾ ਦੇਵੇ।
ਦੁਨੀਆਂ ਨੂੰ ਹਰਾ ਦੇਵੇ, ਸਾਗਰ ਵੀ ਸੁਕਾ ਦੇਵੇ।

ਸਾਗਰ ਵੀ ਸ਼ਰਾਬਾਂ ਦੇ, ਲਏ ਇਸ਼ਕ ਮਰੀਜ਼ਾਂ ਪੀ,
ਇਹ ਜਾਮ ਨਹੀਂ ਕਾਫੀ ਜੋ ਪੀੜ ਭੁਲਾ ਦੇਵੇ।

ਮਜ਼ਹਬ ਦਾ ਨਾਂ ਦੂਜਾ ਬਸ ਪਿਆਰ ਮਹੁੱਬਤ ਹੈ,
ਕੀ ਦੀਨ-ਧਰਮ ਕਰਨਾ ਜੋ ਹੱਥ ਛੁਰਾ ਦੇਵੇ।

ਅੱਜ-ਕੱਲ ਤਾਂ ਬੜੇ ਡਾਕਟਰ ਬੇਸ਼ੱਕ ਨੇ ਤਰੱਕੀਆਂ ਤੇ,
ਕੋਈ ਵੈਦ ਨਹੀਂ ਏਥੇ ਜੋ ਦਿਲ ਦੀ ਦਵਾ ਦੇਵੇ।



## ਜਿਸ ਤੇ ਮਰਦਾ ਹੈ ਜ਼ਮਾਨਾ ਉਹ ਮੇਰੇ ਤੇ ਮਰ ਗਿਆ ਹੈ

ਜਿਸ ਤੇ ਮਰਦਾ ਹੈ ਜ਼ਮਾਨਾ ਉਹ ਮੇਰੇ ਤੇ ਮਰ ਗਿਆ ਹੈ।
ਕੁਲ ਜ਼ਮਾਨਾ ਸੜ ਗਿਆ ਹੈ, ਦਿਲ ਮੇਰਾ ਪਰ ਠਰ ਗਿਆ ਹੈ।

ਇਕ ਪਰਿੰਦਾ ਹਰ ਘੜੀ ਨੂੰ ਜੀਣ ਜੋਗਾ ਕਰ ਗਿਆ ਹੈ।
ਕੱਢ ਕੇ ਸੀਨੇ 'ਚੋਂ ਦਿਲ ਮੇਰੀ ਤਲੀ ਤੇ ਧਰ ਗਿਆ ਹੈ।

ਵੇਖਦਾ ਉਸਨੂੰ ਜ਼ਮਾਨਾ 'ਤੇ ਉਹ ਮੈਨੂੰ ਵੇਖਦਾ ਏ,
ਜਿਸ ਤੇ ਉਸ ਦੀ ਨਜ਼ਰ ਹੋਵੇ ਬਸ਼ਰ ਸਮਝੋ ਤਰ ਗਿਆ ਹੈ।

ਮੈਂ ਤਰੋ-ਤਰ ਪਿਆਰ ਵਿਚ, ਸਾਰਾ ਜ਼ਮਾਨਾ ਹੈ ਪਿਆਸਾ,
ਔੜ ਦਾ ਬੱਦਲ ਜਿਵੇਂ ਪੂਰਾ ਮੇਰੇ ਤੇ ਵਰ੍ਹ ਗਿਆ ਹੈ।

ਓਸ ਨੂੰ ਸਭ ਤੋਂ ਲੁਕਾ ਲਊਂ, ਮੈਂ ਚਕੋਰੀ ਆਖ ਬੈਠੀ,
ਚੰਨ ਤਾਂ ਲੁਕਦਾ ਨਾ ਕਦੇ, ਫਿਰ ਕਿਉ ਜ਼ਮਾਨਾ ਡਰ ਗਿਆ ਹੈ।

ਇਕ ਤਰਫ਼ ਮਹਿਬੂਬ ਹੈ, ਦੂਜੀ ਤਰਫ਼ ਨੇ ਲੋਕ ਸਾਰੇ,
ਇਸ਼ਕ ਮੇਰਾ ਜਿਤ ਗਿਆ, ਸਾਰਾ ਜ਼ਮਾਨਾ ਹਰ ਗਿਆ ਹੈ।

ਬਿਨ ਉਦ੍ਹੇ ਇਕ ਪਲ ਦੇ ਟੁਕੜੇ ਸੈਂਕੜੇ ਕਰ-ਕਰ ਬਿਤਾਵਾਂ
ਨੈਣ ਨਦੀਆਂ ਬਣ ਵਗੇ ਨੇ, ਇੱਕ ਸਮੁੰਦਰ ਭਰ ਗਿਆ ਹੈ।

## ਹੋਏ ਬੇ-ਚੈਨ ਤੈਨੂੰ ਮਿਲਣ ਦੇ ਲਈ

ਹੋਏ ਬੇ-ਚੈਨ ਤੈਨੂੰ ਮਿਲਣ ਦੇ ਲਈ।
ਕੋਈ ਅੱਖਰ ਨ ਸੁੱਝਿਆ ਲਿਖਣ ਦੇ ਲਈ।

ਤੀਰ ਸੋਨੇ ਦਾ ਖਾ ਕੇ ਉਹ ਮਰ ਹੀ ਗਿਆ,
ਕੀਤੀ ਕੋਸ਼ਿਸ਼ ਬਹੁਤ ਪਰ ਬਚਣ ਦੇ ਲਈ।

ਜਿਸਮ ਮੇਰਾ ਅਮਾਨਤ ਕਿਸੇ ਹੋਰ ਦੀ,
ਸਾਂਭ ਰੱਖਿਆ ਹੈ ਤੋਹਫਾ ਸਜਣ ਦੇ ਲਈ।

ਤੂੰ ਨਦੀ ਹੈਂ ਸਜਣ ਮੈਂ ਤੇਰਾ ਵੇਗ ਹਾਂ,
ਮੈਂ ਹਾਂ ਜੰਮੀ ਤੇਰੇ ਸੰਗ ਵਗਣ ਦੇ ਲਈ।

ਇਸ਼ਕ ਸੱਚਾ ਹੈ ਫੁੱਲੇ ਫਲੇ ਗਾ ਵੀ ਇਹ
ਖ਼ੂਨ ਮੰਗਦਾ ਇਹ ਬੂਟਾ ਵਧਣ ਦੇ ਲਈ।

ਮੈਂ ਹਾਂ ਸ਼ੱਮਅ ਤੂੰ ਬਣ ਜਾ ਪਤੰਗਾ ਮੇਰਾ,
ਮੈਂ ਹਾਂ ਹਾਜ਼ਰ ਸੁਬ੍ਹਾ ਤਕ ਜਗਣ ਦੇ ਲਈ।



## ਕੌਣ ਹੈ, ਜੋ ਰਾਤ ਨੂੰ ਸੁਪਨੇ 'ਚ ਆਉਂਦਾ ਹੈ, ਕੌਣ ਹੈ?

ਕੌਣ ਹੈ, ਜੋ ਰਾਤ ਨੂੰ ਸੁਪਨੇ 'ਚ ਆਉਂਦਾ ਹੈ, ਕੌਣ ਹੈ?
ਜਾਣ ਲੱਗਾ ਜਾਣ ਕੇ ਮੈਨੂੰ ਰੁਵਾਉਂਦਾ, ਕੌਣ ਹੈ?

ਇਹ ਤੇਰੇ ਭਾਗਾਂ ਨੂੰ ਕੋਈ ਮੌਤ ਤੇਰੀ ਮਰ ਰਿਹਾ,
ਜਾਨ ਅਪਣੀ ਉਂਝ ਕਿਸੇ ਦੇ ਨਾਮ ਲਾਉਂਦਾ ਕੌਣ ਹੈ?

ਕਹਿਰ ਏਨਾ ਕਰ ਗਿਆ, ਆਸ਼ਿਕ ਸੀ ਉਹ ਤਾਂ ਸਿਰਫਿਰਾ,
ਅੱਗ ਬਿਗਾਨੇ ਘਰ ਦੀ ਲੈ ਖ਼ੁਦ ਨੂੰ ਜਲਾਉਂਦਾ ਕੌਣ ਹੈ?

ਹੋਇਆ ਕੀ ਜੇ ਅੱਜ ਮੇਰੇ ਤੇ ਗਰੀਬੀ ਆ ਗਈ,
ਵੇਖਦੀ ਹਾਂ ਦੋਸਤੀ ਧੁਰ ਤੱਕ ਨਿਭਾਉਂਦਾ ਕੌਣ ਹੈ?

ਉਹ ਮਨਾਉਂਦਾ ਨਿੱਤ, 'ਗ਼ਜ਼ਲ' ਨੂੰ ਹੈ ਨਿਸ਼ਾਨੀ ਪਿਆਰ ਦੀ,
ਜੇ ਨਾ ਹੋਵੇ ਪਿਆਰ ਤਾਂ ਰੁਸਦਾ ਮਨਾਉਂਦਾ ਕੌਣ ਹੈ?

## ਵੇਖੀਂ ਤੂੰ ਮੈਨੂੰ ਰੌਸ਼ਨੀ ਦੇ ਸੰਗ ਮਹੁੱਬਤ ਕਰਦਿਆਂ

ਵੇਖੀਂ ਤੂੰ ਮੈਨੂੰ ਰੌਸ਼ਨੀ ਦੇ ਸੰਗ ਮਹੁੱਬਤ ਕਰਦਿਆਂ।
ਵੇਖੀਂ ਤੂੰ ਮੈਨੂੰ ਲਾਟ ਦੇ ਸੰਗ ਲਾਟ ਬਣਕੇ ਸੜਦਿਆਂ।

ਆ ਜਾ ਕਿ ਤੈਨੂੰ ਇਸ਼ਕ ਦਾ ਮੈਂ ਉਮਰ ਭਰ ਦਾ ਵਰ ਦਿਆਂ।
ਆ ਜਾ ਕਿ ਤੈਨੂੰ ਪਾਣੀਆਂ ਵਾਂਗੂੰ ਪਵਿੱਤਰ ਕਰ ਦਿਆਂ।

ਧਰਤੀ 'ਤੇ ਰਹਿ ਕੇ ਧਰਤ ਸੰਗ ਕਾਹਨੂੰ ਕਮਾਉਂਨਾ ਦੁਸ਼ਮਣੀ,
ਆ ਜਾ ਮੈਂ ਤੇਰੀ ਸੋਚ ਨੂੰ ਅਸਮਾਨ ਜਿੱਡਾ ਕਰ ਦਿਆਂ।

ਅੰਦਰ ਮੇਰੇ ਬਾਹਰ ਮੇਰੇ ਪਰਦੇਸ ਹੀ ਪਰਦੇਸ ਹੈ,
ਯੁਗੜੇ ਕਈ ਬੀਤੇ ਮੇਰੇ ਪਰਦੇਸ ਦੇ ਸੰਗ ਲੜਦਿਆਂ।

ਕਿਸ ਨੂੰ ਦਿਖਾਵਾਂ ਖੋਲ੍ਹ ਕੇ ਦਿਲ ਦੀ ਮੈਂ ਤਾਣੀ ਰੇਸ਼ਮੀ,
ਦਿੱਤੇ ਨੇ ਗ਼ਮ ਤੋਹਫ਼ੇ ਵਜੋਂ ਬਾਹਰਦਿਆਂ ਕੁਝ ਘਰਦਿਆਂ।

ਇੱਕ ਵਾਰ ਕਰਕੇ ਹੌਂਸਲਾ ਮੇਰੇ ਸ਼ਹਿਰ ਆ ਤਾਂ ਸਹੀ,
ਜਿੰਦ ਕੱਢ ਕੇ ਮੈਂ ਆਪਣੀ ਤੇਰੀ ਤਲੀ ਤੇ ਧਰਦਿਆਂ।

ਆਖ਼ੀਰ ਮੈਨੂੰ ਇਸ ਇਸ਼ਕ ਨੇ ਬਾਗ਼ੀ ਬਣਾ ਕੇ ਛੱਡਿਆ,
ਆ ਵੇਖ ਮੈਨੂੰ ਆਪਣੇ ਹੀ ਘਰ 'ਚ ਸੂਲੀ ਚੜ੍ਹਦਿਆਂ।

ਅੱਗੇ ਮੁੜਾਂ ਪਿੱਛੇ ਮੁੜਾਂ ਇਕ ਮੌਤ ਹੀ ਬਸ ਮੌਤ ਹੈ,
ਇਹ ਕੌਣ ਵੇਲਾ ਆ ਗਿਆ ਤੇਰਾ ਵਿਛੋੜਾ ਜਰਦਿਆਂ।

ਮੈਂ ਹੌਕਿਆਂ ਤੇ ਹਿਚਕੀਆਂ ਸੰਗ ਜੂਝਦੀ ਇੱਕ ਹਾਂ ਗ਼ਜ਼ਲ,
ਬੇਸੁਰਤ ਹੋ ਜਾਵੀਂ ਨਾ ਮੇਰਾ ਅੱਖਰ-ਅੱਖਰ ਪੜ੍ਹਦਿਆਂ।



## ਅੰਦਰ-ਬਾਹਰ ਤਾਣਾ-ਬਾਣਾ, ਮੇਰਾ ਸਭ ਕੁਝ ਤੇਰਾ ਹੈ

ਅੰਦਰ-ਬਾਹਰ ਤਾਣਾ-ਬਾਣਾ, ਮੇਰਾ ਸਭ ਕੁਝ ਤੇਰਾ ਹੈ।
ਸਾਹਾਂ ਦਾ ਨਿਤ ਆਉਣਾ ਜਾਣਾ, ਮੇਰਾ ਸਭ-ਕੁਝ ਤੇਰਾ ਹੈ।

ਤੂੰ ਅੱਥਰੂ ਏਂ ਨੈਣਾਂ ਦਾ, ਹਾਸਾ ਵੀ ਏਂ ਬੁੱਲ੍ਹਾਂ ਦਾ,
ਚੀਖ, ਉਦਾਸੀ ਨੱਚਣਾ, ਗਾਣਾ, ਮੇਰਾ ਸਭ ਕੁਝ ਤੇਰਾ ਹੈ।

ਜਿਸਮ ਵੀ ਤੂੰ, ਜਿੰਦ ਜਾਨ ਵੀ ਤੂੰ, ਤੇ ਅੱਲਾ ਭਗਵਾਨ ਵੀ ਤੂੰ,
ਤੂੰ-ਤੂੰ ਵਾਲਾ ਰਾਗ ਸੁਹਾਣਾ, ਮੇਰਾ ਸਭ-ਕੁਝ ਤੇਰਾ ਹੈ।

ਸੂਲੀ ਚੜ੍ਹਵਾ, ਨਗ ਵਿਚ ਜੜ੍ਹਵਾ, ਜ਼ਹਿਰ ਪਿਲਾ ਜਾਂ ਹੜ੍ਹ 'ਚ ਹੜ੍ਹਾ,
ਮੈਂ ਤਾਂ ਬਸ ਆਖੀ ਹੀ ਜਾਣਾ, ਮੇਰਾ ਸਭ-ਕੁਝ ਤੇਰਾ ਹੈ।

ਰੋਂਦੇ ਰੋਂਦੇ ਹਸਦੇ ਜਾਣਾ, ਹਸਦੇ ਹਸਦੇ ਰੋ ਪੈਣਾ,
ਇਸ਼ਕ 'ਚ ਨਚ-ਨਚ ਕਮਲ ਕੁਦਾਣਾ, ਮੇਰਾ ਸਭ-ਕੁਝ ਤੇਰਾ ਹੈ।

ਇਹ ਕਹਾਰ, ਜਨੂੰਨ, ਸਰੂਰ ਤੇ ਨਸ਼ਾ, ਗਰਾਨੀ, ਮਸਤੀ ਤੂੰ,
ਵਾਧੇ-ਘਾਟੇ, ਖੋਹਣਾ-ਪਾਣਾ, ਮੇਰਾ ਸਭ ਕੁਝ ਤੇਰਾ ਹੈ।

ਤੂੰ ਹੈਂ ਆਸ, ਪਿਆਸ, ਵਿਕਾਸ, ਤੇ ਹੈਂ ਖਾਸ ਅਹਿਸਾਸ ਵੀ ਤੂੰ,
ਆਸਾਂ ਦਾ ਜੰਮਣਾ-ਮਰ ਜਾਣਾ, ਮੇਰਾ ਸਭ ਕੁਝ ਤੇਰਾ ਹੈ।

ਗੀਤ, ਕਸੀਦੇ, ਗ਼ਜ਼ਲ, ਰੁਬਾਈ, ਕਵਿਤਾ, ਸੱਦਾਂ, ਵਾਰਾਂ ਸਭ,
ਇਹ ਸ਼ਬਦਾਂ ਦਾ ਤਾਣਾ-ਬਾਣਾ, ਮੇਰਾ ਸਭ-ਕੁਝ ਤੇਰਾ ਹੈ।

## ਫਿਰ ਘੜੀ ਵਿਛੜਨ ਦੀ ਆਈ, ਜੀ ਕਰੇ ਮੈਂ ਰੋ ਪਵਾਂ

ਫਿਰ ਘੜੀ ਵਿਛੜਨ ਦੀ ਆਈ, ਜੀ ਕਰੇ ਮੈਂ ਰੋ ਪਵਾਂ।
ਹਾਏ! ਇਹ ਲੰਮੀ ਜੁਦਾਈ, ਜੀ ਕਰੇ ਮੈਂ ਰੋ ਪਵਾਂ।

ਦਿਲ 'ਤੇ ਪੱਥਰ ਰਖ ਕੇ ਮੈਨੂੰ ਆਪ ਹੱਥੀਂ ਤੋਰਿਆ,
ਤੂੰ ਜਦੋਂ ਝੰਡੀ ਹਿਲਾਈ, ਜੀ ਕਰੇ ਮੈਂ ਰੋ ਪਵਾਂ।

ਤੂੰ ਸਮੁੰਦਰੋਂ ਪਾਰ ਹੈਂ ਮੈਂ ਹਾਕ ਮਾਰਾਂ ਕਿਸ ਤਰ੍ਹਾਂ?
ਚੁੱਪ ਜਹੀ ਹੋਠਾਂ ਤੇ ਛਾਈ, ਜੀ ਕਰੇ ਮੈਂ ਰੋ ਪਵਾਂ।

ਨਿਤ ਲਿਆਵੇ ਡਾਕੀਆ ਚਿੱਠੀਆਂ, ਰਸਾਲੇ, ਪੁਸਤਕਾਂ,
ਪਰ ਤੇਰੀ ਚਿੱਠੀ ਨਾ ਆਈ, ਜੀ ਕਰੇ ਮੈਂ ਰੋ ਪਵਾਂ।

ਰੁੱਸ ਗਈ ਹੈ ਨੀਂਦ ਭੈੜੀ ਮੇਰੀਆਂ ਅੱਖੀਆਂ ਦੇ ਨਾਲ,
ਤਕ ਕੇ ਇਹਨਾਂ ਦੀ ਲੜਾਈ, ਜੀ ਕਰੇ ਮੈਂ ਰੋ ਪਵਾਂ।

ਪੰਝੂ ਕੇ ਹੰਝੂ ਮੇਰੇ ਤੂੰ ਲਾਇਆ ਸੀਨੇ ਨਾਲ ਸੀ,
ਉਹ ਘੜੀ ਫਿਰ ਯਾਦ ਆਈ, ਜੀ ਕਰੇ ਮੈਂ ਰੋ ਪਵਾਂ।

ਮਿਲ ਗਈ ਜਦ ਦੀ 'ਗ਼ਜ਼ਲ' ਨੂੰ ਤੇਰੇ ਆਵਣ ਦੀ ਖ਼ਬਰ,
ਜਾਨ ਵਿੱਚ ਹੈ ਜਾਨ ਆਈ, ਜੀ ਕਰੇ ਮੈਂ ਰੋ ਪਵਾਂ।



## ਅਗਨ ਸੰਗ ਪਿਆਰ ਪਾਇਆ ਹੈ, ਮੇਰੀ ਤੌਬਾ ਮੇਰੀ ਤੌਬਾ

ਅਗਨ ਸੰਗ ਪਿਆਰ ਪਾਇਆ ਹੈ, ਮੇਰੀ ਤੌਬਾ ਮੇਰੀ ਤੌਬਾ।
ਮੈਂ ਅਪਣਾ ਘਰ ਜਲਾਇਆ ਹੈ, ਮੇਰੀ ਤੌਬਾ ਮੇਰੀ ਤੌਬਾ।

ਕਿਤੇ ਨਾ ਫੇਰ ਰੁਸ ਜਾਵੇ ਮੇਰਾ ਦਿਲਬਰ, ਮੇਰਾ ਪਿਆਰਾ,
ਬੜੀ ਮੁਸ਼ਕਿਲ ਮਨਾਇਆ ਹੈ, ਮੇਰੀ ਤੌਬਾ ਮੇਰੀ ਤੌਬਾ।

ਸਿਵਾ ਇਸਦੇ ਮੇਰੇ ਦਿਲ ਨੂੰ ਕੋਈ ਚੰਨ ਮੋਹ ਨਹੀਂ ਸਕਿਆ,
ਇਹ ਚੰਨ ਕਿਸਨੇ ਬਣਾਇਆ ਹੈ, ਮੇਰੀ ਤੌਬਾ ਮੇਰੀ ਤੌਬਾ।

ਇਹ ਮੇਰੇ ਨਾਲ ਜੰਮਿਆ ਸੀ ਤੇ ਮੇਰੇ ਨਾਲ ਜਾਵੇਗਾ,
ਮੈਂ ਕਿੰਨਾ ਗ਼ਮ ਹੰਢਾਇਆ ਹੈ, ਮੇਰੀ ਤੌਬਾ ਮੇਰੀ ਤੌਬਾ।

ਜਿਨੂੰ ਅਪਣਾਉਣ ਦੀ ਖ਼ਾਤਿਰ ਮੈਂ ਅਪਣਾ ਆਪ ਭੁੱਲ ਬੈਠੀ,
ਉਹ ਹਾਲੇ ਵੀ ਪਰਾਇਆ ਹੈ, ਮੇਰੀ ਤੌਬਾ ਮੇਰੀ ਤੌਬਾ।

ਸਦਾ ਖਾਂਦੀ ਸੀ ਸਹੁੰ ਜਿਸਦੀ, 'ਗ਼ਜ਼ਲ' ਨੂੰ ਮਾਣ ਸੀ ਜਿਸਤੇ,
ਉਸ ਨੇ ਹੀ ਰੁਲਾਇਆ ਹੈ, ਮੇਰੀ ਤੌਬਾ ਮੇਰੀ ਤੌਬਾ।

## ਅਸਾਂ ਜੋ ਕਿਹਾ ਕਿ ਉਹ ਭੁਲਾਇਆ ਕਦੋਂ ਹੈ

ਅਸਾਂ ਜੋ ਕਿਹਾ ਕਿ ਉਹ ਭੁਲਾਇਆ ਕਦੋਂ ਹੈ।
ਤੁਸੀਂ ਜੋ ਕਿਹਾ ਉਹ ਪੁਗਾਇਆ ਕਦੋਂ ਹੈ।

ਕਿਵੇਂ ਹੋਣਗੇ ਖ਼ਾਬ ਸੱਚ ਦੋਸਤੀ ਦੇ?
ਤੁਸੀਂ ਵੈਰ ਦਿਲ 'ਚੋਂ ਮਿਟਾਇਆ ਕਦੋਂ ਹੈ।

ਮੇਰੇ ਤੇ ਰਹੇਗੀ ਸ਼ਿਕਾਇਤ ਕੀ ਤੈਨੂੰ?
ਮੈਂ ਖ਼ੁਦ ਨੂੰ ਤੇਰੇ ਤੋਂ ਲੁਕਾਇਆ ਕਦੋਂ ਹੈ।

ਤੁਹਾਡੇ ਤਾਂ ਛਿੱਕੂ ਵੀ ਛੱਲੀਆਂ ਤੋਂ ਸੱਖਣੇ,
ਤੁਸੀਂ ਤੰਦ ਤਕਲੇ 'ਤੇ ਪਾਇਆ ਕਦੋਂ ਹੈ।

ਦਿਲਾਂ ਨੂੰ ਦਿਲਾਂ ਸੰਗ ਕੀ ਹੋਣੀ ਮਹੁੱਬਤ,
ਦਿਲਾਂ ਨੂੰ ਦਿਲਾਂ ਸੰਗ ਵਟਾਇਆ ਕਦੋਂ ਹੈ।

ਕਿਵੇਂ ਦੀਦ ਹੁੰਦੇ ਅਸਾਂ ਨੂੰ ਖ਼ੁਦਾ ਦੇ?
ਤੁਸੀਂ ਮੁਖ ਤੋਂ ਪਰਦਾ ਹਟਾਇਆ ਕਦੋਂ ਹੈ।

ਭੁਲਾ ਦਿੱਤਾ ਹੋਵੇਗਾ ਰਬ ਨੂੰ ਮੈਂ, ਐਪਰ,
ਤੇਰੇ ਇਸ਼ਕ ਤਾਈਂ ਭੁਲਾਇਆ ਕਦੋਂ ਹੈ।



## ਜੇ ਮਹੁੱਬਤ ਨਹੀਂ, ਜ਼ਿੰਦਗੀ ਕਿਸ ਲਈ

ਜੇ ਮਹੁੱਬਤ ਨਹੀਂ, ਜ਼ਿੰਦਗੀ ਕਿਸ ਲਈ।
ਜ਼ਿੰਦਗੀ ਜੇ ਨਹੀਂ, ਬੰਦਗੀ ਕਿਸ ਲਈ।

ਇਸ਼ਕ ਹੈ ਤਾਂ ਕਰੋ ਨਾ ਫਿਕਰ ਜਾਨ ਦੀ,
ਡਰ ਜੇ ਹੈ ਮੌਤ ਦਾ, ਦਿਲਲਗੀ ਕਿਸ ਲਈ?

ਨਾ ਲੁਕਾਓ ਤੁਸੀਂ ਸੂਰਤਾਂ ਸੀਰਤਾਂ,
ਜੇ ਸ਼ਰਾਫਤ ਨਹੀਂ, ਸਾਦਗੀ ਕਿਸ ਲਈ।

ਹੋਣ ਅਪਣੇ ਤਾਂ ਰੁੱਸਾਂ-ਮਨਾਉਣਾ ਬਣੇ,
ਨਾਲ ਗ਼ੈਰਾਂ ਦੇ ਨਾਰਾਜ਼ਗੀ ਕਿਸ ਲਈ।

ਜੇ ਖ਼ਬਰ ਹੀ ਨਹੀਂ ਬੇਵਫਾ ਯਾਰ ਨੂੰ,
ਇਸ ਕਦਰ ਫੇਰ ਦੀਵਾਨਗੀ ਕਿਸ ਲਈ।

ਆਪਾਂ ਜੀਂਦੇ ਹਾਂ ਸਾਹੀਂ ਤੇਰੇ ਜਾਲਮਾ,
ਤੂੰ ਵਿਖਾਉਂਨਾ ਜੋ ਬੇਗਾਨਗੀ ਕਿਸ ਲਈ।

ਉਹ 'ਗ਼ਜ਼ਲ' ਹੀ ਨਹੀਂ ਜੋ ਬਿਨਾ ਤਾਲ ਦੇ,
ਜੇ ਰਵਾਨੀ ਨਹੀਂ, ਪੁਖ਼ਤਗੀ ਕਿਸ ਲਈ।

## ਰੱਬ ਦਾ, ਦੌਲਤ ਦਾ, ਨਾ ਸਰਕਾਰ ਦਾ

ਰੱਬ ਦਾ, ਦੌਲਤ ਦਾ, ਨਾ ਸਰਕਾਰ ਦਾ।
ਮੈਨੂੰ ਤਾਂ ਬਸ ਆਸਰਾ ਹੈ ਪਿਆਰ ਦਾ।

ਦਿਲਬਰਾ ਆ! ਛੱਡ ਦੁਨੀਆਦਾਰੀਆਂ,
ਲੈ ਪਤਾ ਤੂੰ ਆਪਣੇ ਬੀਮਾਰ ਦਾ।

ਘਰ ਮੇਰੇ ਆ ਜਾ ਤੂੰ ਪਹਿਲਾਂ ਮੌਤ ਤੋਂ,
ਕੀ ਪਤਾ ਲੱਗਣਾ ਘੜੀ ਤੇ ਵਾਰ ਦਾ।

ਹੋਰ ਨਾ ਕੋਈ ਸਹਾਰਾ ਬਿਨ ਤੇਰੇ,
ਬਿਨ ਤੇਰੇ ਸਭ ਦਾ ਛਲਾਵਾ ਮਾਰਦਾ।

ਜਾਨ ਵਿਚ ਪਾਉਂਦਾ ਸੀ ਪੂਰੀ ਜਾਨ ਜੋ,
ਯਾਦ ਆਉਂਦਾ ਹੈ ਕਲਾਵਾ ਪਿਆਰ ਦਾ।

ਨਾਲ ਸੀਨੇ ਦੇ ਲਗਾ ਲੈ ਤੂੰ 'ਗ਼ਜ਼ਲ'
ਛੱਡ ਆਈ ਮੋਹ ਜੋ ਪਰਿਵਾਰ ਦਾ।



## ਭੈਣ ਹਾਂ ਜਾਂ ਧੀ ਕਿਸੇ ਦੀ, ਫੇਰ ਵੀ ਲਗਦੀ ਬੇਘਰ ਹਾਂ

ਭੈਣ ਹਾਂ ਜਾਂ ਧੀ ਕਿਸੇ ਦੀ, ਫੇਰ ਵੀ ਲਗਦੀ ਬੇਘਰ ਹਾਂ।
ਮਾਪਿਆਂ ਸਿਰ ਜਨਮ ਤੋਂ ਇਕ ਬੋਝ ਹਾਂ, ਵੱਡਾ ਫਿਕਰ ਹਾਂ।

ਬਿਨ ਮੇਰੇ ਨਾ ਹੋਂਦ ਇਸਦੀ ਸੋਚਦਾ ਕਿਉਂ ਨ੍ਹੀਂ ਜ਼ਮਾਨਾ?
ਮੈਂ ਜ਼ਮਾਨੇ ਵਾਸਤੇ ਬਖ਼ਸ਼ੀ ਹੋਈ ਰੱਬ ਦੀ ਮਿਹਰ ਹਾਂ।

ਮੈਂ ਕਲੀ ਕੰਡਿਆਂ 'ਚ ਖਿੜਦੀ, ਮੁਸਕਰਾਉਂਦੀ ਖੇਡਦੀ ਨਿਤ,
ਫਿਰ ਕਿਉਂ ਬਾਬਲ ਦਾ ਝੋਰਾ, ਮਾਂ ਦਿਆਂ ਨੈਣਾਂ ਦਾ ਡਰ ਹਾਂ?

ਜਨਮ ਤੋਂ ਪਹਿਲੋਂ ਹੀ ਕਿਉਂ ਅਪਣੇ ਹੀ ਮੈਨੂੰ ਮਾਰ ਦਿੰਦੇ?
ਵੀਰ ਦੀ ਮੈਂ ਆਬਰੂ ਤੇ ਮਾਂ ਦਾ ਦਿਲ, ਪਿਓ ਦਾ ਜਿਗਰ ਹਾਂ।

ਘਰ ਵੀ ਹੈ, ਪਰਿਵਾਰ ਵੀ ਹੈ, ਫਿਰ ਵੀ ਹਾਂ ਬੇਚੈਨ ਕਿਉਂ ਮੈਂ?
ਨਾ ਪਤਾ ਆਈ ਹਾਂ ਕਿਧਰੋਂ, ਨਾ ਪਤਾ ਚੱਲੀ ਕਿਧਰ ਹਾਂ।

ਮੈਂ ਕਦੇ ਦੁਰਗਾ ਬਣਾਂ, ਮੀਰਾਂ, ਕਦੇ ਝਾਂਸੀ ਦੀ ਰਾਣੀ,
ਮੈਂ ਨਿਰੀ ਮਮਤਾ ਨਹੀਂ, ਬੇਬਾਕ ਵੀ ਹਾਂ 'ਤੇ ਨਿਡਰ ਹਾਂ।

ਆ ਕਦੇ ਤਾਂ ਵੇਖ ਮੈਨੂੰ ਤਰਸਦੀ ਹਾਂ ਛੋਹ ਤੇਰੀ ਨੂੰ,
ਮੈਂ ਅਧੂਰੀ ਪਈ 'ਗ਼ਜ਼ਲ' ਦੀ ਬੋਲਦੀ ਹੋਈ ਸਤਰ ਹਾਂ।

## ਜਦ ਸੋਚ ਨੂੰ ਪਰ ਲੱਗਣ ਅੰਬਰ ਵੀ ਮੁਕਾ ਦੇਵੇ

ਜਦ ਸੋਚ ਨੂੰ ਪਰ ਲੱਗਣ ਅੰਬਰ ਵੀ ਮੁਕਾ ਦੇਵੇ।
ਦੁਨੀਆਂ ਨੂੰ ਹਰਾ ਦੇਵੇ, ਸਾਗਰ ਵੀ ਸੁਕਾ ਦੇਵੇ।

ਸਾਗਰ ਵੀ ਸ਼ਰਾਬਾਂ ਦੇ, ਲਏ ਇਸ਼ਕ ਮਰੀਜ਼ਾਂ ਪੀ,
ਇਹ ਜਾਮ ਨਹੀਂ ਕਾਫੀ ਜੋ ਪੀੜ ਭੁਲਾ ਦੇਵੇ।

ਮਜ਼ਹਬ ਦਾ ਨਾਂ ਦੂਜਾ ਬਸ ਪਿਆਰ ਮਹੁੱਬਤ ਹੈ,
ਕੀ ਦੀਨ-ਧਰਮ ਕਰਨਾ ਜੋ ਹੱਥ ਛੁਰਾ ਦੇਵੇ।

ਸ਼ੈਤਾਨ ਹੋਊ ਕੋਈ, ਉਹ ਰੱਬ ਨਹੀਂ ਹੋਣਾ,
ਮੰਦਿਰ ਨੂੰ ਗਿਰਾਵੇ ਜੋ, ਮਸਜਿਦ ਵੀ ਗਿਰਾ ਦੇਵੇ।

ਅੱਜ-ਕੱਲ ਤਾਂ ਬੜੇ ਡਾਕਟਰ ਬੇਸ਼ੱਕ ਨੇ ਤਰੱਕੀਆਂ ਤੇ,
ਕੋਈ ਵੈਦ ਨਹੀਂ ਏਥੇ ਜੋ ਦਿਲ ਦੀ ਦਵਾ ਦੇਵੇ।

ਨਹੀਂ ਇਸ਼ਕ ਨਿਭਾ ਸਕਦੇ ਕਦੀ ਹੋਸ਼ ਸੁਰਤ ਵਾਲੇ,
ਉਹ ਇਸ਼ਕ ਹੀ ਹੁੰਦਾ ਹੈ, ਜੋ ਹੋਸ਼ ਭੁਲਾ ਦੇਵੇ।



## ਤਨ-ਮਨ ’ਚ ਉਜਾੜਾ ਹੈ ਨਾ ਚੈਨ ਮਿਲੇ ਦਿਲ ਨੂੰ

ਤਨ-ਮਨ ’ਚ ਉਜਾੜਾ ਹੈ ਨਾ ਚੈਨ ਮਿਲੇ ਦਿਲ ਨੂੰ
ਇਹ ਹਿਜਰ ਪਿਆਰੇ ਦਾ ਮਿੱਟੀ ’ਚ ਰੁਲਾ ਦੇਵੇ।

ਮਾਵਾਂ ਦੇ ਸਿਵੇ ਬਲ ਕੇ, ਬੁਝ ਗਏ ਨੇ ਉਡੀਕਦਿਆਂ,
ਪਰਦੇਸ ’ਚ ਵਸਦਿਆਂ ਨੂੰ ਕੋਈ ਖ਼ਬਰ ਪੁਚਾ ਦੇਵੇ।

ਹੈ ਭਲਾ ‘ਗ਼ਜ਼ਲ’ ਤਾਈਂ ਇਕ ਓਸ ਖਿਡਾਰੀ ਦੀ,
ਇਸ ਖੇਡ ਇਸ਼ਕ ਦੀ ਤੋਂ ਜੋ ਜਾਨ ਲੁਟਾ ਦੇਵੇ।

## ਡਾਢ੍ਹੇ ਤੋਂ ਕਿਉਂ ਡਰਦਾ ਹੈਂ?

ਡਾਢ੍ਹੇ ਤੋਂ ਕਿਉਂ ਡਰਦਾ ਹੈਂ?
ਡਰਦਾ ਹਰ ਹਰ ਕਰਦਾ ਹੈਂ।

ਤੇਰੇ ਲਈ ਹੀ ਜਿਉਂਦੇ ਹਾਂ,
ਤੂੰ ਗ਼ੈਰਾਂ 'ਤੇ ਮਰਦਾ ਹੈਂ।

ਕਾਹਤੋਂ ਹੌਕੇ ਭਰਦਾ ਹੈਂ?
ਮੇਰਾ ਹੋ ਕੇ ਡਰਦਾ ਹੈਂ।

ਫੀਮਾਂ ਚਰਸਾਂ ਚਰਦਾ ਹੈਂ,
ਤਾਂਹੀਓਂ ਛੇਤੀ ਮਰਦਾ ਹੈਂ।

ਆਸ ਵਫਾ ਦੀ ਹੋਰਾਂ ਤੋਂ,
ਖ਼ੁਦ ਬੇਵਫ਼ਾਈਆਂ ਕਰਦਾ ਹੈਂ।

ਉਡ ਵੀ ਜਾਇਆ ਕਰਦੇ ਨੇ,
ਰੰਗਾਂ ਉੱਤੇ ਮਰਦਾ ਹੈਂ।

ਰਾਂਝੇ ਹੀਰਾਂ ਹੁਣ ਕਿੱਥੇ?
ਕਿਸ ਯੁੱਗ ਦੀ ਗੱਲ ਕਰਦਾ ਹੈਂ?

ਜਾਣ ਵਾਲੇ ਕਦ ਰੁਕਦੇ ਨੇ,
ਤੂੰ ਕਿਉਂ ਅੱਖਾਂ ਭਰਦਾ ਹੈਂ।



ਤੇਰੇ ਹਿਜਰ 'ਚ ਬਲਦੀ ਹਾਂ,
ਬਲਦੀ ਤੇ ਕੱਖ ਧਰਦਾ ਹੈਂ।

ਏਥੇ ਕੀ ਏ ਤੇਰਾ ਦੱਸ?
ਮੇਰੀ ਮੇਰੀ ਕਰਦਾ ਹੈਂ।

ਤੂੰ ਸੁਪਨਾ ਹੈਂ ਨੈਣਾਂ ਦਾ,
ਕਿਉਂ ਹੰਝੂ ਬਾ ਤਰਦਾ ਹੈਂ।

ਖੋਹ ਲੈਣਾਂ ਤਾਂ ਦੂਰ ਰਿਹਾ,
ਹੱਕ ਮੰਗਣ ਤੋਂ ਵੀ ਡਰਦਾ ਹੈਂ।

## ਮਰਾਂ ਤਾਂ ਮੌਤ ਨ੍ਹੀਂ ਮਿਲਦੀ, ਜੀਆਂ ਤਾਂ ਜੀ ਨਹੀਂ ਹੁੰਦਾ।

ਮਰਾਂ ਤਾਂ ਮੌਤ ਨ੍ਹੀਂ ਮਿਲਦੀ, ਜੀਆਂ ਤਾਂ ਜੀ ਨਹੀਂ ਹੁੰਦਾ।
ਵਿਛੋੜਾ ਜ਼ਹਿਰ ਤੋਂ ਕੌੜਾ ਹੈ ਮੈਥੋਂ ਪੀ ਨਹੀਂ ਹੁੰਦਾ।

ਅਦਾ ਮਹਿਬੂਬ ਦੀ ਮਾਰੇ, ਜਦੋਂ ਆਈ ਤੇ ਔਂਦਾ ਹੈ,
ਮਨਾਉਣਾ ਵੀ ਨਹੀਂ ਹੁੰਦਾ ਤੇ ਰੁੱਸਣਾ ਵੀ ਨਹੀਂ ਹੁੰਦਾ।

ਬੜੇ ਲੰਗਾਰ ਪਾਟੇ ਨੇ ਕਰਾਂ ਤਾਂ ਕੀ ਕਰਾਂ ਲੋਕੋ?
ਵਿਚਾਲੇ ਤੰਦ ਟੁੱਟ ਜਾਂਦੀ ਮੇਰਾ ਦਿਲ ਸੀ ਨਹੀਂ ਹੁੰਦਾ।

ਖ਼ੁਦਾ! ਤੂੰ ਸੋਚ ਇਕ ਵਾਰੀ, ਪਿਆਰਾ ਮੇਲ ਦੇ ਮੇਰਾ,
ਵਸਲ ਵੀ ਅੰਗ ਮਹੁੱਬਤ ਦਾ, ਵਿਛੋੜਾ ਹੀ ਨਹੀਂ ਹੁੰਦਾ।

ਜਦੋਂ ਸਾਂਝੀ ਸੀ ਧੀ ਪਿੰਡ ਦੀ ਜ਼ਮਾਨਾ ਹੋਰ ਹੁੰਦਾ ਸੀ,
ਬਿਗਾਨੀ ਧੀ ਨੂੰ ਹਰ ਕੋਈ ਤਾਂ ਮੰਨਦਾ ਧੀ ਨਹੀਂ ਹੁੰਦਾ।

ਬਣਾ ਕੇ ਰੱਖ ਗ਼ੈਰਾਂ ਸੰਗ, ਕਦੇ ਇਹ ਕੰਮ ਆਵਣਗੇ,
ਕਈ ਵਾਰੀਂ ਕੋਈ ਅਪਣਾ ਵੀ ਅਪਣਾ ਹੀ ਨਹੀਂ ਹੁੰਦਾ।

ਕਿਤੇ 'ਕੁਲਜੀਤ' ਵਰਗਾ ਹੀ ਮੇਰੇ ਜੀਵਨ 'ਚ ਆ ਜਾਵੇ,
ਕਰਾਂ ਕੀ ਦਿਲ ਇਕੱਲੇ ਦਾ ਗੁਜ਼ਾਰਾ ਹੀ ਨਹੀਂ ਹੁੰਦਾ।



## ਜਦੋਂ ਵੇਖਦਾ ਉਹ ਅਦਾਕਾਰ ਜਾਪੇ

ਜਦੋਂ ਵੇਖਦਾ ਉਹ ਅਦਾਕਾਰ ਜਾਪੇ।
ਜਦੋਂ ਬੋਲਦਾ ਉਹ ਕਲਾਕਾਰ ਜਾਪੇ।

ਨਸ਼ਾ ਹੈ, ਜਲੌ ਹੈ, ਖੁਸ਼ੀ ਹੈ, ਤੜ੍ਹਪ ਹੈ,
ਨਜ਼ਾਰਾ ਤਾਂ ਉਸਦਾ ਅਲੋਕਾਰ ਜਾਪੇ।

ਵਸਲ ਓਸਦਾ ਤਾਂ ਸਵਰਗਾਂ ਦਾ ਝੂਟਾ।
ਵਿਛੋੜਾ ਵੀ ਉਸਦਾ ਮਜ਼ੇਦਾਰ ਜਾਪੇ।

ਸਮਾਇਆ ਉਹ ਸੀਨੇ 'ਚ ਧੜਕਣ ਦੇ ਵਾਂਗੂ,
ਬਿਨਾ ਓਸਦੇ ਦਿਲ ਅਵਾਜ਼ਾਰ ਜਾਪੇ।

ਜਵਾਨੀ ਤੋਂ ਲੰਘੇ ਜੇ ਪਾਸਾ ਪਰਤ ਕੇ,
ਉਦੋਂ ਇਸ਼ਕ ਦਾ ਉਹ ਗੁਨਹਿਗਾਰ ਜਾਪੇ।

ਨਾ ਰੱਬ ਦੇ, ਨਾ ਜਗ ਦੇ, ਮੈਂ ਵਸ ਓਸਦੇ ਹਾਂ,
ਉਹ ਜਾਦੂਨਗਰ ਦਾ ਇਲਮਕਾਰ ਜਾਪੇ।

ਖ਼ੁਦਾ ਹੈ ਮੇਰੇ ਵਾਸਤੇ ਢੋਲ ਮੇਰਾ,
ਬਿਨਾ ਓਸਦੇ ਜਾਨ ਬੇਕਾਰ ਜਾਪੇ।

ਉਦ੍ਹੇ ਵਾਸਤੇ ਹੀ ਸੰਵਰਦੀ 'ਗ਼ਜ਼ਲ' ਹੈ,
ਗ਼ਜ਼ਲ ਮੈਂ, ਉਹ ਮੇਰਾ ਗ਼ਜ਼ਲਕਾਰ ਜਾਪੇ।

## ਇਸ਼ਕ ਨੂੰ ਮਨ ਤੇ ਹੰਢਾਇਆ ਹੈ ਸਦਾ

ਇਸ਼ਕ ਨੂੰ ਮਨ ਤੇ ਹੰਢਾਇਆ ਹੈ ਸਦਾ।
ਉਮਰ ਸਾਰੀ ਦੁੱਖ ਪਾਇਆ ਹੈ ਸਦਾ।

ਗ਼ਮ ਤੇਰਾ ਸੀਨੇ ਥੀਂ ਲਾਇਆ ਹੈ ਸਦਾ,
ਸ਼ੁਕਰ ਮੈਂ ਰੱਬ ਦਾ ਮਨਾਇਆ ਹੈ ਸਦਾ।

ਬਾਲ ਕੇ ਦੀਵੇ ਮੈਂ ਤੇਰੇ ਹਿਜਰ ਦੇ,
ਖ਼ੂਨ ਦਾ ਵਿਚ ਤੇਲ ਪਾਇਆ ਹੈ ਸਦਾ।

ਧੜਕਦਾ ਹੈ ਦਿਲ ਮੇਰਾ ਜਿਸ ਵਾਸਤੇ,
ਓਸ ਨੇ ਹੀ ਦਿਲ ਦੁਖਾਇਆ ਹੈ ਸਦਾ।

ਮੈਂ ਹਰਾਵਾਂ ਨਿਤ ਗ਼ਮਾਂ ਦੀ ਫੌਜ ਨੂੰ,
ਇਸ਼ਕ ਨੇ ਮੈਨੂੰ ਹਰਾਇਆ ਹੈ ਸਦਾ।

ਹੈ ਬਹਾਨਾ ਤਾਰੇ ਗਿਣਨੇ ਰਾਤ ਨੂੰ,
ਯਾਦ ਤੇਰੀ ਨੇ ਜਗਾਇਆ ਹੈ ਸਦਾ।

ਮੈਂ ਨਹੀਂ ਝੁਕਦੀ ਖ਼ੁਦਾ ਦੇ ਸਾਹਮਣੇ,
ਇਸ਼ਕ ਨੇ ਮੈਨੂੰ ਝੁਕਾਇਆ ਹੈ ਸਦਾ।

ਕੀ ਕਰਾਂ? ਇਹ ਦਿਲ ਕਿਤੇ ਲਗਦਾ ਨਹੀਂ,
ਬਿਨ ਤੇਰੇ ਇਹ ਜਗ ਪਰਾਇਆ ਹੈ ਸਦਾ।



ਮਨ ਮੇਰਾ ਚੰਚਲ ਪਰਿੰਦਾ ਭਟਕਦਾ,
ਇਸ਼ਕ ਤੇਰੇ ਦਾ ਸਤਾਇਆ ਹੈ ਸਦਾ।

ਮੰਨ ਜਾਂ ਨਾ ਮੰਨ ਤੇਰੀ ਮੌਜ ਹੈ,
ਤੈਨੂੰ ਪਲਕਾਂ ਤੇ ਬਿਠਾਇਆ ਹੈ ਸਦਾ।

ਭੁੱਲ ਕੇ ਆਪਾ, ਭੁਲਾ ਕੇ ਜੱਗ ਨੂੰ,
ਇਸ਼ਕ ਨੂੰ ਅਪਣਾ ਬਣਾਇਆ ਹੈ ਸਦਾ।

ਫੇਰ ਕੇ ਮੂੰਹ ਵੇਖ ਲਾਂ ਜਿਧਰ ਵੀ ਮੈਂ,
ਮੁੱਖ ਤੇਰਾ ਨਜ਼ਰ ਆਇਆ ਹੈ ਸਦਾ।

ਇਸ਼ਕ ਦੇ ਵਿਹੜੇ 'ਗ਼ਜ਼ਲ' ਜਦ ਵੀ ਗਈ,
ਸਿਰ ਹਥੇਲੀ ਤੇ ਟਿਕਾਇਆ ਹੈ ਸਦਾ।

## ਇਸ਼ਕ ਹੈ ਦੇਂਦਾ ਸਦਾ ਬਦਨਾਮੀਆਂ ਤੇ ਖੁਆਰੀਆਂ

ਇਸ਼ਕ ਹੈ ਦੇਂਦਾ ਸਦਾ ਬਦਨਾਮੀਆਂ ਤੇ ਖੁਆਰੀਆਂ।
ਫੇਰ ਵੀ ਨੇ ਆਸ਼ਕਾਂ ਨੂੰ ਪਿਆਰੀਆਂ ਇਹ ਯਾਰੀਆਂ।

ਤੁਰ ਗਿਆ ਤੂੰ ਤਾਂ ਸਮੁੰਦਰ ਪਾਰ, ਮੈਨੂੰ ਛੱਡ ਕੇ,
ਚੁੱਪ ਕਰਾਵਾਂ ਕਿਸ ਤਰ੍ਹਾਂ, ਇਹ ਰੋਂਦੀਆਂ ਫੁਲਕਾਰੀਆਂ।

ਰਹਿ ਕਿਵੇਂ ਸਕਦਾ ਕੋਈ ਏਨਾ ਸਮਾਂ ਦਿਲ ਹਾਰ ਕੇ,
ਅਪਣੇ ਹੱਥੀਂ ਅਪਣੀਆਂ ਮੈਂ ਹਸਰਤਾਂ ਨੇ ਮਾਰੀਆਂ।

ਸਾਥ ਹੈ ਤੇਰਾ ਮੇਰਾ ਜਿਉਂ ਆਤਮਾ ਪਰਮਾਤਮਾ,
ਵਾਰੀਏ ਆਪਾ ਤਾਂ ਹੀ ਤਾਂ ਨਿਭਦੀਆਂ ਦਿਲਦਾਰੀਆਂ।

ਬਾਝ ਤੇਰੇ ਦੇਸ਼ ਅਪਣਾ ਜਾਪਦਾ ਪਰਦੇਸ ਹੈ,
ਜੀਅ ਕਰੇ ਮੈਂ ਉੱਡ ਜਾਂ ਸਭ ਛੱਡ ਕੇ ਸਰਦਾਰੀਆਂ।



## ਓਏ ਹੋਏ ਕਿ ਆਪਾਂ ਲਾਉਣ ਤੋਂ ਪਹਿਲਾਂ ਕਿਉਂ ਨਾ ਸੋਚਿਆ

ਓਏ ਹੋਏ ਕਿ ਆਪਾਂ ਲਾਉਣ ਤੋਂ ਪਹਿਲਾਂ ਕਿਉਂ ਨਾ ਸੋਚਿਆ।
ਨਾ ਇਸ਼ਕ ਵਿਚ ਪੱਲਾ ਰਿਹਾ, ਰੂਹ ਵੀ ਗਈ, ਦਿਲ ਵੀ ਗਿਆ

ਇਹ ਇਸ਼ਕ ਤਾਂ ਜਾ ਵਿਹਲੜਾਂ ਜਾਂ ਫੱਕਰਾਂ ਦਾ ਕੰਮ ਸੀ,
ਆਪਾਂ ਤਾਂ ਐਵੇਂ ਇਸ਼ਕ ਦਾ ਵਾਧੂ ਰੁਝੇਵਾਂ ਪਾ ਲਿਆ।

ਜੇ 'ਡੀਕ ਵਿਚ ਪਰਦੇਸੀਆਂ ਅੰਗ ਪੈਰ ਠੰਡੇ ਹੋ ਗਏ,
ਫਿਰ ਇਸ਼ਕ ਦਾ ਮੇਰੇ ਜਿਹੇ ਰੋਗੀ ਨੂੰ ਕੀ ਫਾਇਦਾ ਰਿਹਾ।

ਡਾਲਰ ਕਮਾ ਲੀਂ ਫਿਰ ਕਿਤੇ ਜਿੰਦ ਨ੍ਹੀਂ ਕਮਾ ਹੋਣੀ ਕਦੇ,
ਆ ਜਾ ਕਿ ਮੇਰੀ ਜਾਨ ਦਾ ਹੈ ਸਿਲਸਿਲਾ ਰੁਕਦਾ ਪਿਆ।

ਪਰਿਵਾਰ ਵੀ ਹੈ, ਘਰ ਵੀ ਹੈ 'ਤੇ ਯਾਰ-ਰਿਸ਼ਤੇਦਾਰ ਵੀ,
ਤੇਰੀ ਸਹੁੰ, ਤੇਰੇ ਬਿਨਾਂ ਪਰ ਜੀ ਕਦੇ ਨਾ ਪਰਚਿਆ।

ਸਚੁਮੱਚ ਹਕੀਕਤ ਸੀ ਕੋਈ ਜਾਂ ਫਿਰ ਨਜ਼ਰ ਦਾ ਵਹਿਮ ਸੀ,
ਇਕ ਆਸਰਾ ਮੇਰੇ ਲਈ ਬਾਹਾਂ ਫੈਲਾਉਂਦਾ ਜਾਪਿਆ।

ਸੱਜਣਾ ਬਿਨਾਂ ਭਾਉਂਦੇ ਨਹੀਂ ਮੇਲੇ, ਦਿਹਾੜੇ, ਰੌਣਕਾਂ,
ਲੋਹੜੀ ਨਹੀਂ, ਹੋਲੀ ਨਹੀਂ, ਨਾ ਪੁੰਨਿਆਂ, ਨਾ ਮੱਸਿਆ।

ਆ ਜਾਹ ਕਿ ਪਲ-ਪਲ ਗਿਣਦਿਆਂ ਜੀਵਨ ਦੀ ਹੋਈ ਸ਼ਾਮ ਹੈ,
ਫਿਰ ਵਕਤ ਨ੍ਹੀਂ ਆਉਣਾ ਕਦੇ, ਹੁਣ ਵੀ ਨਾ ਜੇ ਤੂੰ ਪਰਤਿਆ।

## ਸਾਨੂੰ ਪਿਆਰ ਨਾਲ ਕਿਸੇ ਨੇ ਬੁਲਾਇਆ, ਹੱਸ ਕੇ

ਸਾਨੂੰ ਪਿਆਰ ਨਾਲ ਕਿਸੇ ਨੇ ਬੁਲਾਇਆ, ਹੱਸ ਕੇ।
ਅਤੇ ਆਪਣਾ ਦੀਵਾਨਾ ਹੈ ਬਣਾਇਆ, ਹੱਸ ਕੇ।

ਨਾਲੇ ਹੱਸਦਾ ਜ਼ਮਾਨਾ ਨਾਲੇ ਉਜੜੇ ਅਸੀਂ,
ਕੈਸਾ ਵੈਰੀਆ! ਪੁਆੜਾ ਹੈ ਤੂੰ ਪਾਇਆ, ਹੱਸ ਕੇ।

ਵੇ ਮੈਂ ਆਪੇ ਗਾਈ ਜਾਵਾਂ, ਵੇ ਮੈਂ ਆਪੇ ਨੱਚੀ ਜਾਵਾਂ,
ਮੈਨੂੰ ਘੋਲ ਕੇ ਤੂੰ ਦੱਸ ਕੀ ਪਿਆਇਆ, ਹੱਸ ਕੇ?

ਕੋਈ ਵੈਦ ਬੁੱਝ ਸਕੇ ਨਾ ਦਵਾ ਹੀ ਕੋਈ ਦੱਸੇ,
ਸਾਨੂੰ ਰੋਗ ਕੀ ਅਵੱਲੜਾ ਤੂੰ ਲਾਇਆ, ਹੱਸ ਕੇ।

ਟੂਣੇਹਾਰਿਆ! ਤੂੰ ਹੱਸਦੇ ਨੇ ਮੰਗਿਆ ਸੀ ਫੁੱਲ,
ਤੇਰੇ ਨਾਉਂ ਅਸੀਂ ਬਾਗ਼ ਹੀ ਲਗਾਇਆ, ਹੱਸ ਕੇ।

ਤੈਨੂੰ ਪਾਉਣ ਦੀ ਤਮੰਨਾ ਸਾਡਾ ਛੱਡਦੀ ਨਾ ਖਹਿੜਾ,
ਅਸੀਂ ਸਭ-ਕੁਝ ਦਾਉ ਤੇ ਲਗਾਇਆ, ਹੱਸ ਕੇ।



## ਕਿਵੇਂ ਸਮਝਾ ਦਿਆਂ ਸਭ ਨੂੰ ਕਦੇ ਮੈਂ ਪਿਆਰ ਨ੍ਹੀਂ ਕੀਤਾ

ਕਿਵੇਂ ਸਮਝਾ ਦਿਆਂ ਸਭ ਨੂੰ ਕਦੇ ਮੈਂ ਪਿਆਰ ਨ੍ਹੀਂ ਕੀਤਾ।
ਤੇ ਇਹਨਾਂ ਮਸਤ ਨੈਣਾਂ ਨੂੰ ਕਦੇ ਵੀ ਚਾਰ ਨ੍ਹੀਂ ਕੀਤਾ।

ਜੋ ਕਹਿੰਦੀ ਹਾਂ ਮੈਂ ਕਰਦੀ ਹਾਂ ਮੇਰੀ ਇੱਕੋ ਜ਼ੁਬਾਂ ਕਾਫੀ,
ਹਮੇਸ਼ਾਂ ਸੱਚ ਕਿਹਾ ਝੂਠਾ ਕਦੇ ਇਕਰਾਰ ਨ੍ਹੀਂ ਕੀਤਾ।

ਕਮੀਨੇਪਣ ਦੀ ਹਦ ਕੋਲੋਂ ਤੂੰ ਮੁੜ ਜਾਵੇਂ ਤਾਂ ਬਿਹਤਰ ਹੈ,
ਅਜੇ ਅਪਣੀ ਕਲਮ ਦਾ ਮੈਂ ਤੇਰੇ ਤੇ ਵਾਰ ਨ੍ਹੀਂ ਕੀਤਾ।

ਕਿਵੇਂ ਦੇਂਦਾ ਕੋਈ ਧੋਖਾ ਮੇਰੀ ਅੱਲੜ੍ਹ ਜਵਾਨੀ ਨੂੰ,
ਕਿਸੇ ਅਪਣੇ ਤੇ ਵੀ ਐਵੇਂ ਹੀ ਮੈਂ ਇਤਬਾਰ ਨ੍ਹੀਂ ਕੀਤਾ।

ਬੜੀ ਹੈ ਆਗਿਆਕਾਰੀ 'ਗ਼ਜ਼ਲ' ਤੇਰੀ ਵੀ ਬਹਿਰਾਂ ਦੀ,
ਕਦੇ ਵੀ ਇਸਨੇ ਨਿਸ਼ਚਿਤ ਹੱਦ ਤਾਈਂ ਪਾਰ ਨ੍ਹੀਂ ਕੀਤਾ।

## ਵੈਰ ਨੂੰ ਦਿਲ 'ਚੋਂ ਮਿਟਾਈਏ, ਦੋਸਤੋ

ਵੈਰ ਨੂੰ ਦਿਲ 'ਚੋਂ ਮਿਟਾਈਏ, ਦੋਸਤੋ।
ਦੋਸਤੀ ਦੇ ਹੱਥ ਵਧਾਈਏ, ਦੋਸਤੋ।

ਭੁੱਖ, ਰਿਸ਼ਵਤ, ਲਾਲਚਾਂ ਦੇ ਕੋਹੜ ਤੋਂ,
ਦੇਸ਼ ਨੂੰ ਰਲ ਕੇ ਬਚਾਈਏ, ਦੋਸਤੋ।

ਆਪ ਵੀ ਪੜ੍ਹ ਕੇ, ਪੜ੍ਹਾ ਕੇ ਹੋਰ ਨੂੰ,
ਇਲਮ ਦੇ ਦੀਵੇ ਜਗਾਈਏ, ਦੋਸਤੋ।

ਜ਼ੁਲਮ ਦੀ ਤਲਵਾਰ ਹੋਵੇ ਸਾਹਮਣੇ,
ਸੀਸ ਨਾ ਹਰਗਿਜ ਝੁਕਾਈਏ, ਦੋਸਤੋ।

ਸੱਚ ਤੇ ਬਾਜ਼ੀ ਲਗਾਈਏ ਜਾਨ ਦੀ,
ਝੂਠ ਦੇ ਨੇੜੇ 'ਨ' ਜਾਈਏ, ਦੋਸਤੋ।

ਬੇੜੀ ਆਪਣੀ ਪਾਰ ਲੱਗ ਜਾਏਗੀ, ਜੇ
ਸਿਦਕ ਦੇ ਚੱਪੂ ਚਲਾਈਏ, ਦੋਸਤੋ।

ਜ਼ਿੰਦਗੀ ਦਾ ਹੱਕ ਅਦਾ ਹੋ ਜਾਏਗਾ,
ਮਰਨ ਵੇਲੇ ਮੁਸਕਰਾਈਏ, ਦੋਸਤੋ।

ਰੱਬ ਜੇ ਪਾਉਣਾ ਗ਼ਜ਼ਲ ਦੇ ਵਾਂਗਰਾਂ,
ਇਸ਼ਕ ਪਿੰਡੇ ਤੇ ਹੰਢਾਈਏ, ਦੋਸਤੋ।



## ਤੂੰ ਹੀ ਨਹੀਂ ਜੇ ਕੋਲ ਤਾਂ ਕੀ ਜਾਨ ਨੂੰ ਕਰਨਾ ਅਸੀਂ

ਤੂੰ ਹੀ ਨਹੀਂ ਜੇ ਕੋਲ ਤਾਂ ਕੀ ਜਾਨ ਨੂੰ ਕਰਨਾ ਅਸੀਂ।
ਤੇਰਾ ਵਿਛੋੜਾ ਜ਼ਾਲਮਾ ਹੁਣ ਹੋਰ ਨ੍ਹੀਂ ਜਰਨਾ ਅਸੀਂ।

ਇਕ ਝੁਨਝੁਣੀ ਜਹੀ ਛੇੜ ਕੇ ਤੇ ਜਾ ਬਹੇਂ ਪਰਦੇਸ ਤੂੰ,
ਭੁੱਖੇ ਪਿਆਸੇ ਹੀ ਰਹੇ ਤਾਂ ਪਿਆਰ ਕੀ ਕਰਨਾ ਅਸੀਂ।

ਛਡ ਕੇ ਨਜ਼ਾਰੇ ਸਾਉਣ ਦੇ, ਤਰ ਜੇਂ ਸਮੁੰਦਰ ਪਾਰ ਤੂੰ,
ਰੁੱਤੇ-ਕਰੁੱਤੇ ਜ਼ਾਲਮਾ ਦਸ ਫੇਰ ਕੀ ਵਰ੍ਹਨਾ ਅਸੀਂ।

ਤੂੰ ਹੀ ਕਿਨਾਰਾ ਸੀ ਸਿਰਫ, ਤੂੰ ਹੀ ਦਿਖਾਈ ਨਾ ਦਵੇਂ,
ਜ਼ਿੰਦਗੀ ਦਾ ਸਾਗਰ ਮਹਿਰਮਾ ਹੁਣ ਹੋਰ ਕੀ ਤਰਨਾ ਅਸੀਂ।

ਆ ਜਾਹ ਕਿ ਪਹਿਲਾਂ ਏਸ ਤੋਂ, ਦਮ ਤੋੜ ਦੇਵਾਂ ਹਾਰ ਕੇ,
ਜਿੱਤਣੀ ਹੈ ਬਾਜ਼ੀ ਇਸ਼ਕ ਦੀ ਨ੍ਹੀਂ ਹਾਰ ਕੇ ਮਰਨਾ ਅਸੀਂ।

ਜਿੰਦੜੀ ਤੋਂ ਲੰਮੇ ਹਿਜਰ ਤੋਂ ਪਰਦੇਸੀਆ ਗੁਰਬਤ ਭਲੀ,
ਸਾਹਾਂ 'ਚ ਸਾਹ ਜੇ ਨਾ ਰਹੇ ਦੌਲਤ ਨੂੰ ਕੀ ਕਰਨਾ ਅਸੀਂ।

ਤੂੰ ਹੀ ਪਿਆਰਾ ਗੀਤ ਇੱਕੋ, ਪਰ ਨਜ਼ਰ ਤੋਂ ਦੂਰ ਏਂ,
ਅਹਿਸਾਸ ਨ੍ਹੀਂ ਬਾਕੀ 'ਤੇ ਫਿਰ ਕੀ ਕਲਮ ਨੂੰ ਕਰਨਾ ਅਸੀਂ।

ਕੀ ਭਰੋਸਾ ਜਾਨ ਦਾ ਕਦ ਨਿਕਲ ਜਾਵੇ ਜਿਸਮ 'ਚੋਂ?
ਇਸ ਬੇ'ਤਬਾਰੀ ਜਾਨ ਦਾ ਇਤਬਾਰ ਕੀ ਕਰਨਾ ਅਸੀਂ।

## ਯਾਦ ਤੇਰੀ ਨੂੰ ਗਲ ਨਾਲ ਲਾ ਕੇ ਚੁੰਮਾਂ ਨਾਲੇ ਰੋਵਾਂ

ਯਾਦ ਤੇਰੀ ਨੂੰ ਗਲ ਨਾਲ ਲਾ ਕੇ ਚੁੰਮਾਂ ਨਾਲੇ ਰੋਵਾਂ।
ਸੁੱਜੀਆਂ ਭਿੱਜੀਆਂ ਅੱਖੀਆਂ ਦੇ ਦਰ ਯਾਦ ਤੇਰੀ ਵਿਚ ਢੋਵਾਂ।

ਜੀਅ ਕਰਦਾ ਤੂੰ ਬੋਲੀਂ ਜਾਵੇਂ ਤੇ ਮੈਂ ਭਰਾ ਹੁੰਗਾਰੇ,
ਯੁੱਗਾਂ ਲੰਮੀ ਰਾਤ ਹੋ ਜਾਏ ਕਦੇ ਨਾ ਲੱਗਣ ਲੋਵਾਂ।

ਬਿਰਹਾ ਮਾਰੇ ਨੈਣ ਪਿਆਸੇ ਦੀਦ ਤੇਰੀ ਨੂੰ ਤਰਸਣ,
ਦੇਸ਼ ਤੇਰੇ ਨੂੰ ਉਡ ਕੇ ਆਵਾਂ ਜੇ ਮੈਂ ਪੰਛੀ ਹੋਵਾਂ।

ਦਿਲ ਦੀ ਗਲ ਜੋ ਕਹਿ ਨਾ ਹੁੰਦੀ ਦਿਲ ਵਿਚ ਹੀ ਰਹਿ ਜਾਣੀ,
ਮੈਂ ਸ਼ਰਮਾਵਾਂ, ਮੁੱਕਦੀ ਜਾਵਾਂ, ਇਹ ਗੱਲ ਕਿੱਦਾਂ ਛੋਵ੍ਹਾਂ?

ਤੂੰ ਜਾਵੇਂ ਤਾਂ ਪਟਕ-ਪਟਕ ਸਿਰ ਹੋ ਜਾਵਾਂ ਮੈਂ ਜ਼ਖਮੀ
ਜਦ ਆਵੇਂ ਤਾਂ ਬੂਹੇ ਅੱਗੇ ਤੇਲ ਖੁਸ਼ੀ ਦੇ ਚੋਵਾਂ।

ਰੱਬਾ ਵੇ! ਇਸ ਚੰਦਰੇ ਮੋਹ ਨੂੰ ਕਿਹੜਾ ਠੱਲ੍ਹਾਂ ਪਾਵੇ?
ਸੁਪਨੇ ਵਿਚ ਉਹ ਮੂੰਹ ਜਿਉਂ ਮੋੜੇ, ਰੋ-ਰੋ ਝੱਲੀ ਹੋਵਾਂ।

ਅੱਧੀ ਰਾਤੀਂ ਸੁੱਤੀ ਪਈ ਨੂੰ ਕਿਹੜਾ ਆਣ ਹਲੂਣੇ?
ਵੇਖਾਂ ਖ਼ੁਦ ਨੂੰ ਕੱਲ੍ਹਮ-ਕੱਲ੍ਹੀ ਤ੍ਰਬਕਾਂ ਉੱਠ ਖਲੋਵਾਂ।



## ਕੋਈ ਆਏ ਮੇਰੇ ਦਿਲ ਦੀ ਦਵਾ ਬਣ ਕੇ

ਕੋਈ ਆਏ ਮੇਰੇ ਦਿਲ ਦੀ ਦਵਾ ਬਣ ਕੇ।
'ਤੇ ਛਾ ਜਾਏ ਮੇਰੇ ਸਿਰ ਤੇ ਨਸ਼ਾ ਬਣ ਕੇ।

ਹੋ ਕੇ ਤੇਰੇ ਤੋਂ ਜੁਦਾ ਮੈਨੂੰ ਇਹ ਪਤਾ ਲੱਗਾ,
ਇਕ ਪਲ ਵੀ ਹੈ ਲੰਘਦਾ ਵਰ੍ਹਾ ਬਣ ਕੇ।

ਜਰ ਲਵਾਂਗੀ ਮੈਂ ਹੱਸ-ਹੱਸ ਸਾਰੀਆਂ ਪੀੜਾਂ,
ਤੇਰੀ ਛੋਹ ਮਿਲ ਜਾਏ ਜੇ ਦਵਾ ਬਣ ਕੇ।

ਜਦੋਂ ਛਿੜੇ ਤੇਰੀ ਗੱਲ ਇਕ ਠੰਡਾ ਜਿਹਾ ਹੌਕਾ,
ਮੇਰੀ ਹਿੱਕੜੀ 'ਚੋਂ ਨਿਕਲੇ ਦੁਆ ਬਣ ਕੇ।

ਉਹਦੇ ਹਿਜਰਾਂ ਦੀ ਅੱਗ ਮੇਰੀ ਹਿੱਕ ਵਿਚ ਮੱਚੇ,
ਮੈਂ ਤਾਂ ਬਲ ਰਹੀ ਹਾਂ ਅਪਣੀ ਚਿਤਾ ਬਣ ਕੇ।

ਐਵੇਂ ਸੂਲਾਂ ਅਤੇ ਕੰਡਿਆਂ ਤੋਂ ਡਰ ਨ ਤੂੰ ਜਾਵੀਂ,
ਤੇਰੇ ਨਾਲ ਹਾਂ ਮੈਂ ਪਿਆਰ ਦੀ ਦੁਆ ਬਣ ਕੇ।

ਧੀ ਉਸਦੀ ਭਰੋਸਾ ਕਰੂ ਉਸ ਉਤੇ ਕਿਵੇਂ?
ਪੱਤ ਲੁਟ ਲਏ ਜੋ ਭੈਣਾਂ ਦੀ ਭਰਾ ਬਣ ਕੇ।

ਤੇਰੀ ਨਿੱਕੀ ਜਹੀ ਛੋਹ ਨੂੰ ਉਡੀਕਦੀ 'ਗ਼ਜ਼ਲ',
ਆਇਆ ਕਰ ਮੇਰੇ ਵਿਹੜੇ 'ਚ ਹਵਾ ਬਣ ਕੇ।

## ਦਰਦ ਨੂੰ ਕਿੱਦਾਂ ਛੁਪਾਵਾਂ ਤੇ ਗ਼ਮਾਂ ਦਾ ਕੀ ਕਰਾਂ?

ਦਰਦ ਨੂੰ ਕਿੱਦਾਂ ਛੁਪਾਵਾਂ ਤੇ ਗ਼ਮਾਂ ਦਾ ਕੀ ਕਰਾਂ?
ਯਾਦ ਨਾ ਆਏ ਕਿਸੇ ਦੀ, ਇਸ ਤਰ੍ਹਾਂ ਦਾ ਕੀ ਕਰਾਂ?

ਹੈ ਨਿਸ਼ਾਨੀ ਪਿਆਰ ਦੀ ਹੁਣ ਸਾੜ ਦਾਂ ਜਾਂ ਸਾਂਭ ਲਾਂ,
ਖ਼ੂਨ ਲਾ ਕੇ ਤੂੰ ਲਿਖੇ ਉਹਨਾਂ ਖ਼ਤਾਂ ਦਾ ਕੀ ਕਰਾਂ?

ਔਣਗੇ ਨਿਤ ਦੇਸ਼ ਨੂੰ ਚਿੱਠੀਆਂ ਤੇ ਭਾਂਵੇਂ ਫੋਨ ਵੀ,
ਦੀਦ ਸਭ ਦੀ ਲੋਚਦੇ ਸੁੰਨੇ ਘਰਾਂ ਦਾ ਕੀ ਕਰਾਂ?

ਸੱਤ ਸਮੁੰਦਰ ਵਸਲ ਦੇ ਵੀ ਪੀਣ ਨੂੰ ਮੈਂ ਪੀ ਲਏ,
ਫੇਰ ਵੀ ਰਜਦੇ ਨਹੀਂ ਪਿਆਸੇ ਲਬਾਂ ਦਾ ਕੀ ਕਰਾਂ?

ਇਹ ਵਿਛੋੜਾ ਪੀ ਗਿਆ 'ਕੁਲਜੀਤ' ਜੋਬਨ ਘੋਲ਼ ਕੇ,
ਨੈਣੋਂ ਖਾਰੇ ਨੀਰ ਦੇ ਵਗਦੇ ਹੜ੍ਹਾਂ ਦਾ ਕੀ ਕਰਾਂ?

ਮੌਤ ਨੇ ਟਲਣਾ ਨਹੀਂ 'ਕੁਲਜੀਤ' ਆਵੇਗੀ ਜ਼ਰੂਰ,
ਕੀ ਮੈਂ ਪਛਤਾ ਕੇ ਕਰਾਂ? ਘੁਜਰੇ ਪਲਾਂ ਦਾ ਕੀ ਕਰਾਂ?



## ਕੁਝ ਹੋਰ ਨ੍ਹੀਂ ਹੈ ਇਸ਼ਕ ਤਾਂ ਬਸ ਇਕ ਨਸ਼ਾ, ਇਕ ਜਾਮ ਹੈ

ਕੁਝ ਹੋਰ ਨ੍ਹੀਂ ਹੈ ਇਸ਼ਕ ਤਾਂ ਬਸ ਇਕ ਨਸ਼ਾ, ਇਕ ਜਾਮ ਹੈ।
ਜੋ ਨਾ ਪੀਏ ਗੁੰਮਨਾਮ ਹੈ, ਜੋ ਪੀ ਲਵੇ ਬਦਨਾਮ ਹੈ।

ਦਿਲਬਰ ਦਵਾ ਬਣਕੇ ਕਰੇ ਸੰਚਾਰ ਮੇਰੇ ਖ਼ੂਨ ਵਿੱਚ,
ਉਸਦੇ ਬਿਨਾਂ ਤਾਂ ਦਿਲ ਮੇਰੇ ਦੀ ਧੜਕਨੀ ਨਾਕਾਮ ਹੈ।

ਹਰ ਪਹਿਰ ਉਸਦੇ ਇਸ਼ਕ ਦੀ ਅਣ-ਥੱਕ ਪਰਿਕਰਮਾ ਕਰਾਂ,
ਉਸਤੋਂ ਸ਼ੁਰੂ ਹੁੰਦੀ ਸੁਬ੍ਹਾ, ਉਸਤੇ ਹੀ ਮੁੱਕਦੀ ਸ਼ਾਮ ਹੈ।

ਹਰ ਦਿਲ ਤਰਸਦਾ ਹੈ ਕੋਈ ਦਿਲ, ਦਿਲ ਲਗਾਵੇ ਓਸ ਨਾਲ,
ਹਰ ਦਿਲ ਦੇ ਅੰਦਰ ਤੜ੍ਹਪ ਹੈ, ਹਰ ਦਿਲ ਦੇ ਅੰਦਰ ਕਾਮ ਹੈ।

ਦੱਸਾਂ ਕਿਵੇਂ ਲੋਕਾਂ ਨੂੰ ਮੈਂ ਉਸ ਨਾਲ ਕੀ ਰਿਸ਼ਤਾ ਮੇਰਾ?
ਸਾਡੀ ਸਕੀਰੀ ਹਾਣਦਾ ਲਭਦਾ ਨ੍ਹੀਂ ਕੋਈ ਨਾਮ ਹੈ।

ਆ ਤੋਰ ਲੈ ਆ ਕੇ ਮੇਰੇ ਦਿਲ ਦੀ ਖਲੋਤੀ ਖੇਡ ਨੂੰ,
ਬਣਿਆ ਹੈ ਖੋਖਾ ਜਿਸਮ ਦਾ, ਸਾਹਾਂ ਨੂੰ ਆਈ ਸ਼ਾਮ ਹੈ।

ਤਨ-ਮਨ ਦੇ ਵਿਹੜੇ ਹਰ ਵਕਤ ਇਕ ਨਾਮ ਦੀ ਮਾਲਾ ਫਿਰੇ
ਪਰਮਾਤਮਾ ਦਾ ਰੂਪ ਉਹ, ਦੋ ਅੱਖਰਾਂ ਦਾ ਨਾਮ ਹੈ।

ਮੈਂ ਹਰ ਜਨਮ 'ਕੁਲਜੀਤ' ਜੋਵਾਂ, ਹਰ ਜਨਮ ਤੂੰ ਹੀ ਮਿਲੇਂ,
ਇਕ ਉਮਰ ਕੀ, ਇਕ ਜੂਨ ਕੀ, ਹਰ ਜਨਮ ਤੇਰੇ ਨਾਮ ਹੈ।

## ਬਿਨ ਉਹਦੇ ਬਣਿਆ ਸਬੱਬ ਨਾ ਕੋਈ ਨੱਚਣ ਗਾਉਣ ਦਾ

ਬਿਨ ਉਹਦੇ ਬਣਿਆ ਸਬੱਬ ਨਾ ਕੋਈ ਨੱਚਣ ਗਾਉਣ ਦਾ।
ਚਾਅ ਤੇ ਮੈਨੂੰ ਵੀ ਬੜਾ ਸੀ ਚੂੜੀਆਂ ਛਣਕਾਉਣ ਦਾ।

ਤਰਸ ਕਰ ਮੇਰੀ ਜਵਾਨੀ ਉੱਤੇ ਹੁਣ ਪਰਦੇਸੀਆ,
ਹਿਜਰ ਦੇ ਵਿਚ ਗੁਜ਼ਰਿਆ ਹੈ ਹਰ ਮਹੀਨਾ ਸਾਉਣ ਦਾ।

ਹੁਸਨ ਜੇ ਭਾਰੂ ਸਦਾ ਹੈ ਇਸ਼ਕ ਦੇ ਈਮਾਨ ਤੇ,
ਇਸ਼ਕ ਨੂੰ ਵੀ ਵਲ਼ ਬੜਾ ਹੈ ਹੁਸਨ ਨੂੰ ਭਰਮਾਉਣ ਦਾ।

ਇਸ਼ਕ ਖ਼ਾਤਿਰ ਜੇ ਮੈਂ ਤੁਰਿਆ ਛੱਡ ਕੇ ਘਰ ਬਾਰ ਤੂੰ,
ਯਾਦ ਰੱਖੀਂ ਰਾਹ ਨਹੀਂ ਕੋਈ ਘਰੇ ਮੁੜ ਆਉਣ ਦਾ।

ਲੋੜ ਤੇ ਵਾਰਾਂਗੀ ਤਨ-ਮਨ-ਧਨ ਕਿਸੇ ਦਿਲਦਾਰ ਤੇ,
ਮੈਂ ਨਹੀਂ ਸਾਧਨ ਕੋਈ ਗ਼ੈਰਾਂ ਦੇ ਮਨ ਪਰਚਾਉਣ ਦਾ।

ਜਾ ਅਮ੍ਰੀਕਾ, ਕਨੇਡਾ ਭਾਵੇਂ ਤੂੰ ਇੰਗਲੈਂਡ ਜਾ,
ਮੇਰੇ ਦਿਲ ਦੀ ਕੈਦ 'ਚੋਂ ਪਰ ਰਾਹ ਨਹੀਂ ਬਚ ਪਾਉਣ ਦਾ।

ਦਿਲ ਜਲਾ ਕੇ ਦਿਲਜਲਾ ਤੁਰਿਆ ਪਰਾਏ ਦੇਸ਼ ਨੂੰ,
ਦਿਲਜਲੇ ਨੂੰ ਸ਼ੌਂਕ ਸੀ 'ਕੁਲਜੀਤ' ਨੂੰ ਤੜਫਾਉਣ ਦਾ।



## ਤੇਰੇ ਤੋਂ ਵੱਖ ਹੋ ਕੇ ਕਿਧਰ ਜਾਵਾਂਗੀ?

ਤੇਰੇ ਤੋਂ ਵੱਖ ਹੋ ਕੇ ਕਿਧਰ ਜਾਵਾਂਗੀ?
ਤੂੰ ਹੀ ਤੂੰ ਹੋਵੇਂਗਾ ਮੈਂ ਜਿਧਰ ਜਾਵਾਂਗੀ।

ਤੇਰੇ ਗਲ ਦੀ ਹਾਂ ਗਾਨੀ ਮੈਨੂੰ ਤੋੜ ਨਾ,
ਮਣਕਾ-ਮਣਕਾ ਹੋ ਕੇ ਮੈਂ ਖਿਲਰ ਜਾਵਾਂਗੀ।

ਤੇਰਾ ਮੇਰਾ ਰਿਸ਼ਤਾ ਹੈ ਨਹੁੰ-ਮਾਸ ਦਾ,
ਤੇਰੇ ਨਾਲੋਂ ਜੇ ਟੁੱਟੀ ਤਾਂ ਮਰ ਜਾਵਾਂਗੀ।

ਪਿਆਰ ਕੀਤਾ ਹੈ ਮੈਂ ਤਾਂ ਨਿਭਾਵਾਂਗੀ ਵੀ,
ਇਹ ਨਾ ਸੋਚੀਂ ਕਦੇ ਕਿ ਮੁਕਰ ਜਾਵਾਂਗੀ।

ਪਹਿਲਾਂ ਅੱਖੀਆਂ 'ਚ ਮੈਨੂੰ ਵਸਾ ਤਾਂ ਸਹੀ,
ਤੇਰੇ ਦਿਲ 'ਚ ਮੈਂ ਆਪੇ ਉਤਰ ਜਾਵਾਂਗੀ।

## ਮਹੁੱਬਤ ਦੇ ਗਗਨ ਉੱਤੇ ਸਿਤਾਰਾ ਹੀ ਸਿਤਾਰਾ ਹੈ

ਮਹੁੱਬਤ ਦੇ ਗਗਨ ਉੱਤੇ ਸਿਤਾਰਾ ਹੀ ਸਿਤਾਰਾ ਹੈ।
ਨਹੀਂ ਟਿਕਦਾ ਕਿਸੇ ਇਕ ਥਾਂ ਅਵਾਰਾ ਹੀ ਅਵਾਰਾ ਹੈ।

ਕਦੋਂ ਖੁਸ਼ਹਾਲ ਸੀ ਕੋਈ ਮੇਰੇ ਪੰਜਾਬ ਦੇ ਵਰਗਾ,
ਜਦੋਂ ਦਾ ਹੋ ਗਿਆ ਟੋਟੇ, ਵਿਚਾਰਾ ਹੀ ਵਿਚਾਰਾ ਹੈ।

ਜੇ ਸੱਚਾ ਦਿਲਰੁਬਾ ਕੋਈ ਮੇਰੇ ਜੀਵਨ ’ਚ ਆ ਜਾਵੇ,
ਮਜ਼ਾ ਹੈ ਜਿਉਣ ਦਾ ਫਿਰ ਤਾਂ ਨਜ਼ਾਰਾ ਹੀ ਨਜ਼ਾਰਾ ਹੈ।

ਕਿਵੇਂ ਕੱਠੇ ਕਰਾਂ ਟੁਕੜੇ, ਹੋਏ ਦਿਲ ਦੇ ਹਜ਼ਾਰਾਂ ਨੇ,
ਕੋਈ ਐਥੇ, ਕੋਈ ਔਥੇ, ਖਿਲਾਰਾ ਹੀ ਖਿਲਾਰਾ ਹੈ।

ਮਨਾ ਛੱਡ! ਲੈਣ ਕੀ ਜਾਣਾ ਕਿਸੇ ਮੀਟਿੰਗ ਦੇ ਵਿੱਚ, ਆਪਾਂ,
ਕਿ ਹੁਣ ਸਾਹਿਤ ਦੇ ਨਾਂ ਉਤੇ ਅਦਾਰਾ ਹੀ ਅਦਾਰਾ ਹੈ।

ਕਦੇ ਧਰਤੀ ਤੇ ਨੱਚਦੀ ਹੈ, ਗ਼ਜ਼ਲ ਅੰਬਰਾਂ ’ਚ ਉੱਡਦੀ ਏ,
ਤੇਰੀ ਇਕ ਹਾਂ ’ਚ ਸੁਰਗਾਂ ਦਾ ਹੁਲਾਰਾ ਹੀ ਹੁਲਾਰਾ ਹੈ।



## ਬੇਵਫ਼ਾ! ਨਾਂ ਨਾਲ ਅਪਣੇ ਜੋੜ ਮੈਨੂੰ

ਬੇਵਫ਼ਾ! ਨਾਂ ਨਾਲ ਅਪਣੇ ਜੋੜ ਮੈਨੂੰ।
ਮੈਂ ਵਫ਼ਾ ਹਾਂ ਤੇ ਵਫ਼ਾ ਦੀ ਲੋੜ ਮੈਨੂੰ।

ਦਿਲ ਚੁਰਾ ਕੇ ਉਡ ਗਿਆ ਪਰਦੇਸ ਨੂੰ ਜੋ,
ਉਸ ਪਰਿੰਦੇ ਵਾਂਗ ਇਉਂ ਨਾ ਤੋੜ ਮੈਨੂੰ।

ਮੈਂ ਹਾਂ ਕੋਹੇਨੂਰ ਹੀਰਾ ਕੀਮਤੀ ਵੀ,
ਤੂੰ ਖਿਡੌਣੇ ਵਾਂਗ ਇਉਂ ਨਾ ਤੋੜ ਮੈਨੂੰ।

ਹਰ ਕਿਸੇ ਦੇ ਦਿਲ ’ਚ ਵੇਖੋ ਵਾਸ ਮੇਰਾ,
ਮੈਂ ਖ਼ੁਦਾ ਹਾਂ ਟੋਹਣ ਦੀ ਨਾ ਲੋੜ ਮੈਨੂੰ।

ਪੁੱਛ ਜਾਂ ਨਾ ਪੁੱਛ ਬਹਿ ਕੇ ਹਾਲ ਮੇਰਾ,
ਤੇਰੇ ਹੁੰਦਿਆਂ ਕੀ ਗ਼ਮਾਂ ਦੀ ਥੋੜ੍ਹ ਮੈਨੂੰ।

ਮੈਂ ਨਦੀ ਹਾਂ ਰੁਕਣਾ ਮੇਰਾ ਹੈ ਅਸੰਭਵ
ਮੋੜ ਸਕਨਾ ਏਂ ਤਾਂ ਆ ਕੇ ਮੋੜ ਮੈਨੂੰ।

ਮੈਂ ਗ਼ਜ਼ਲ ਹਾਂ ਪਿਆਰ ਦੀ ਸੀਨੇ ਲਗਾ ਲੈ,
ਵਸਲ ਤੇਰੇ ਦੀ ਅਜੇ ਹੈ ਲੋੜ ਮੈਨੂੰ।

## ਉਸ ਪਾਰ ਤੂੰ ਇਸ ਪਾਰ ਮੈਂ ਐਸੀ ਜੁਦਾਈ ਖ਼ੂਬ ਹੈ

ਉਸ ਪਾਰ ਤੂੰ ਇਸ ਪਾਰ ਮੈਂ ਐਸੀ ਜੁਦਾਈ ਖ਼ੂਬ ਹੈ।
ਅਜ ਫਿਰ ਨਮੀ ਮੇਰੇ ਨੈਣਾਂ 'ਚ ਆਈ ਖ਼ੂਬ ਹੈ।

ਭੰਗੜੇ ਬੜੇ ਪਾਉਂਦਾ ਫਿਰੇਂ ਸਾਡੇ ਰਕੀਬਾਂ ਨਾਲ ਤੂੰ,
ਗ਼ੈਰਾਂ ਭਰੀ ਮਹਿਫ਼ਿਲ 'ਚ ਸਾਡੀ ਦਿਲ ਜਲਾਈ ਖ਼ੂਬ ਹੈ।

ਸਾਡੇ-ਤੁਹਾਡੇ ਰਿਸ਼ਤਿਆਂ ਵਿਚ ਦੇਣ ਲੱਗੇ ਦਖ਼ਲ ਹੁਣ,
ਉਫ! ਇਸ ਕਦਰ ਗ਼ੈਰਾਂ ਦੀ ਸਾਡੇ ਸਿਰ-ਚੜ੍ਹਾਈ ਖ਼ੂਬ ਹੈ।

ਤੂੰ ਬੇਵਫ਼ਾਈਆਂ ਖੱਟੀਆਂ, ਮੈਂ ਪਿਆਰ ਵਿਚ ਬਦਨਾਮੀਆਂ,
ਤੇਰੀ ਕਮਾਈ ਖ਼ੂਬ ਮੇਰੀ ਵੀ ਕਮਾਈ ਖ਼ੂਬ ਹੈ।

ਦੁਨੀਆਂ ਦੇ ਅੱਗੇ ਸਿਰ ਝੁਕਾਉਣਾ ਇਸ਼ਕ ਦੀ ਫ਼ਿਤਰਤ ਨਹੀਂ,
ਮਾਸ਼ੂਕ ਦੇ ਪੈਰਾਂ 'ਚ ਇਸਦੀ ਸਿਰ ਝੁਕਾਈ ਖ਼ੂਬ ਹੈ।

ਅੱਖੋਂ ਪਰੋਖੀ ਰਹਿਣ ਦੇਂਦਾ ਸਾਡੀ ਗ਼ਰੀਬੀ ਦੁਸ਼ਮਣਾਂ,
ਪਰ ਦੋਸਤਾਂ ਮਹਿਫ਼ਿਲ 'ਚ ਜੋ ਖਿੱਲੀ ਉੜਾਈ ਖ਼ੂਬ ਹੈ।

ਰੱਖੀ ਦਬਾ ਕੇ ਚੀਕ ਤੇਰੇ ਜਾਣ ਮਗਰੋਂ ਜ਼ਾਲਮਾ,
ਸੀਨੇ 'ਚ ਹੀ ਮੱਚਦੀ ਰਹੀ ਦਿਲ ਦੀ ਦੁਹਾਈ ਖ਼ੂਬ ਹੈ।

ਅੰਬਰ ਨੂੰ ਛੂੰਹਦੀ ਉਮਰ ਮੇਰੀ ਸਾਥ ਤੇਰਾ ਲੋਚਦੀ,
ਏਨਾ ਨਹੀਂ ਤੂੰ ਜਾਣਦਾ ਤੇਰੀ ਪੜ੍ਹਾਈ ਖ਼ੂਬ ਹੈ।

ਦੁਨੀਆਂ ਦੀ ਭੈੜੀ ਨਜ਼ਰ ਤੋਂ ਰੱਖਦੇ ਲੁਕਾ ਕੇ ਇਸ਼ਕ ਨੂੰ,
ਘਰ-ਘਰ 'ਚ ਐਵੇਂ ਇਸ਼ਕ ਦੀ ਚਰਚਾ ਕਰਾਈ ਖ਼ੂਬ ਹੈ।



## ਹਰ ਵੇਲੇ ਤਕੜੇ ਦੀ ਗਲ ਨਾ ਕਰਿਆ ਕਰ

ਹਰ ਵੇਲੇ ਤਕੜੇ ਦੀ ਗਲ ਨਾ ਕਰਿਆ ਕਰ।
ਮਾੜੇ ਦੀ ਮੁਸ਼ਕਿਲ ਤੇ ਵੀ ਕੰਨ ਧਰਿਆ ਕਰ।

ਤੰਗ ਦਿਲੀ ਸੰਗ ਨਿਭਦੀ ਕਦ ਮਹੁੱਬਤ ਹੈ,
ਸਾਡੇ ਵਾਂਗੂੰ ਪਹਿਲਾਂ ਦਿਲ ਨੂੰ ਦਰਿਆ ਕਰ।

ਨਿੱਤ ਜੇ ਜਾਣਾ ਹੁੰਦਾ ਕੋਲ ਪਿਆਰੇ ਦੇ,
ਜੱਗ ਦੇ ਤਾਹਨੇ-ਮਿਹਣੇ ਤੋਂ ਨਾ ਡਰਿਆ ਕਰ।

ਸਾਥ ਸਦਾ ਛੱਡ ਜਾਵੇ, ਹੁਸਨ ਪ੍ਰਾਹੁਣਾ ਹੈ,
ਹਰ ਇੱਕ ਸੋਹਣੀ ਸੂਰਤ ਵੇਖ ਨ ਮਰਿਆ ਕਰ।

ਖ਼ੁਦ ਗ਼ੈਰਾਂ ਸੰਗ ਹਸ ਹਸ ਗੱਲਾਂ ਕਰਦਾ ਏਂ,
ਸਾਡਾ ਵੀ ਮਿੱਤਰਾਂ ਵਿੱਚ ਬਹਿਣਾ ਜਰਿਆ ਕਰ।

ਦਿਲ ਦਾ ਜਖ਼ਮ ਨਾਸੂਰ 'ਨ' ਕਿਧਰੇ ਬਣ ਜਾਏ,
ਦੁਖਦੇ ਉੱਤੇ ਏਦਾਂ ਨਾ ਹੱਥ ਧਰਿਆ ਕਰ।

ਝੂਠ ਦੇ ਪੈਰ ਨਹੀਂ ਹੁੰਦੇ 'ਕੁਲਜੀਤ ਗ਼ਜ਼ਲ',
ਜੇਰਾ ਕਰ ਕੇ ਸੱਚ ਦੀ ਹਾਮੀ ਭਰਿਆ ਕਰ।

## ਬੜੀ ਉਮੀਦ ਲੈ ਕੇ ਮੈਂ ਤੇਰੇ ਬੂਹੇ ਤੇ ਆਈ ਹਾਂ

ਬੜੀ ਉਮੀਦ ਲੈ ਕੇ ਮੈਂ ਤੇਰੇ ਬੂਹੇ ਤੇ ਆਈ ਹਾਂ।
ਕਿ ਤੂੰ ਭਰਪੂਰ ਸਾਗਰ ਤੇ ਮੈਂ ਜਨਮਾਂ ਦੀ ਤਿਹਾਈ ਹਾਂ।

ਜਵਾਨੀ ਵੇਖ ਲੇ ਮੇਰੀ ਕਿਵੇਂ ਮਿੱਟੀ 'ਚ ਰੁਲਦੀ ਏ,
ਮੈਂ ਦਰਦਾਂ ਨੂੰ ਵਿਆਹੀ ਹਾਂ ਤੇ ਬਿਰਹੋਂ ਦੀ ਕਮਾਈ ਹਾਂ।

ਨਾ ਅਪਣੇ ਹੀ ਰਹੇ ਅਪਣੇ, ਬਿਗਾਨੇ ਤਾਂ ਬਿਗਾਨੇ ਨੇ,
ਮੈਂ ਪੇਕੇ ਵੀ ਪਰਾਈ ਸੀ ਤੇ ਸਹੁਰੇ ਵੀ ਪਰਾਈ ਹਾਂ।

ਬੜਾ ਜ਼ਾਲਮ ਜ਼ਮਾਨਾ ਹੈ, ਇਹ ਦੁਨੀਆ ਵੇਖ ਨ੍ਹੀਂ ਜਰਦੀ,
ਕਿ ਸੱਚੇ ਪਿਆਰ ਦੇ ਬਦਲੇ ਮੈਂ ਸੂਲੀ ਤੇ ਚੜ੍ਹਾਈ ਹਾਂ।

ਜੇ ਮੇਰਾ ਪਿਆਰ ਤੱਕਿਆ ਈ, ਸਜ਼ਾ ਵੀ ਵੇਖ ਤੂੰ ਇਸਦੀ,
ਬੜੀ ਝੰਬੀ, ਨਿਚੋੜੀ ਹਾਂ, ਤਵੀ ਤੇ ਧਰ ਸੁਕਾਈ ਹਾਂ।

ਬਹੁਤ ਗ਼ੈਰਾਂ 'ਚ ਹੁੰਦੀ ਏ 'ਗਜ਼ਲ ਕੁਲਜੀਤ' ਦੀ ਚਰਚਾ,
ਹਮੇਸ਼ਾ ਜਿੱਤਦੀ ਹਾਂ ਪਰ ਮਹੁੱਬਤ ਦੀ ਹਰਾਈ ਹਾਂ।



## ਕਿਸ ਤਰ੍ਹਾਂ ਦਾ ਹੈ ਗ਼ਰੀਬੀ ਵਾਰ ਕੀਤਾ

ਕਿਸ ਤਰ੍ਹਾਂ ਦਾ ਹੈ ਗ਼ਰੀਬੀ ਵਾਰ ਕੀਤਾ।
ਹਰ ਭਰੀ ਮਹਿਫ਼ਿਲ 'ਚ ਮੈਨੂੰ ਖੁਆਰ ਕੀਤਾ।

ਮੈਂ ਕਲਮ ਆਪਣੀ ਨੂੰ ਇੰਝ ਗ਼ਮਖ਼ਾਰ ਕੀਤਾ।
ਸ਼ੇਅਰ ਲਿਖਿਆ ਦਿਲ ਦਾ ਹੌਲ਼ਾ ਭਾਰ ਕੀਤਾ।

ਅਪਣੇ ਵੱਲੋਂ ਉਸ ਬੜਾ ਉਪਕਾਰ ਕੀਤਾ।
ਅਪਣਾ ਗ਼ਮ ਦੇ ਕੇ ਮੈਨੂੰ ਬੀਮਾਰ ਕੀਤਾ।

ਲਾਸ਼ ਨੂੰ ਕਿੱਦਾਂ ਸਹਾਰਾ ਦੇਂਦੇ ਕੰਢੇ?
ਉਸ ਕਤਲ ਮੈਨੂੰ ਨਦੀ ਵਿਚਕਾਰ ਕੀਤਾ।

ਸਾਂ ਅਸੀਂ ਅਨਪੜ੍ਹ ਤਾਂ ਸਭ ਰੁਜ਼ਗਾਰ ਤੇ ਸਾਂ,
ਡਿਗਰੀਆਂ ਨੇ ਸਾਨੂੰ ਬੇ-ਰੁਜ਼ਗਾਰ ਕੀਤਾ।

ਐ ਫ਼ਰੇਬੀ! ਸ਼ੁਕਰੀਆ ਤੇਰਾ ਹਾਂ ਕਰਦੀ,
ਤੇਰੇ ਧੋਖੇ ਨੇ ਮੈਨੂੰ ਹੁਸ਼ਿਆਰ ਕੀਤਾ।

ਜੇਬ ਖਾਲੀ ਪੁੱਛਦੀ ਹੈ ਓਸ ਕੋਲੋਂ,
ਕਿਉਂ ਨਾ ਉਸ ਸੀਮਿਤ ਜਿਹਾ ਪਰਿਵਾਰ ਕੀਤਾ।

ਕਿਹੜਾ ਕੀਤਾ ਨੇਕ ਕੰਮ ਦੁਨੀਆਂ ਤੇ ਆ ਕੇ?
ਮੈਂ ਕਹਾਂਗੀ ਪਿਆਰ ਕੀਤਾ, ਪਿਆਰ ਕੀਤਾ।

ਉਹ ਸੁਰਾਂ ਦਾ ਜਾਦੂਗਰ, ਸਾਰੰਗ ਦਾ ਹਾਣੀ,
ਮੈਂ 'ਗ਼ਜ਼ਲ' ਸਾਂ ਕਿਉਂ ਨਾ ਉਸ ਨੂੰ ਪਿਆਰ ਕੀਤਾ।

## ਪੀੜਾਂ ਵੀ ਜਰਦੀ ਹੈ ਗ਼ਜ਼ਲ, ਦੁਖੜੇ ਵੀ ਸਹਿੰਦੀ ਹੈ ਗ਼ਜ਼ਲ

ਪੀੜਾਂ ਵੀ ਜਰਦੀ ਹੈ ਗ਼ਜ਼ਲ, ਦੁਖੜੇ ਵੀ ਸਹਿੰਦੀ ਹੈ ਗ਼ਜ਼ਲ।
ਸਿਰ ਕਲਮ ਮੇਰਾ ਕਰ ਦਿਓ ਜੇ ਝੂਠ ਕਹਿੰਦੀ ਹੈ ਗ਼ਜ਼ਲ।

ਮੈਂ ਛੱਡ ਜਾਂ ਗੀ ਸਾਥ ਤੇਰਾ, ਤੂੰ ਇਵੇਂ ਕਿਉਂ ਸੋਚਦਾਂ?
ਮਹਿਸੂਸ ਕਰ ਕੇ ਵੇਖ ਤੇਰੇ ਕੋਲ ਰਹਿੰਦੀ ਹੈ ਗ਼ਜ਼ਲ।

ਪੱਥਰ ਨਹੀਂ ਮੈਂ ਦੋਸਤੋ, ਇਹ ਲੋਕ ਐਵੇਂ ਆਖਦੇ,
ਦੁਸ਼ਮਨ ਦੇ ਦੁਖੜੇ ਵੇਖ ਵੀ, ਪਿਘਲ ਕੇ ਵਹਿੰਦੀ ਹੈ ਗ਼ਜ਼ਲ।

ਮਹਿਕਾਂ ਭਰੀ ਹੈ ਵੇਖਣਾ, ਉਹਦੀ ਤਲੀ ਨੂੰ ਚੁੰਮ ਕੇ,
ਬਸ ਸੋਹਣੇ ਮਹਿਬੂਬ ਦੇ ਹੱਥਾਂ ਦੀ ਮਹਿੰਦੀ ਹੈ ਗ਼ਜ਼ਲ।

ਆਪੇ ਅਵਾਜ਼ਾਂ ਮਾਰ ਕੇ ਮੈਨੂੰ ਬੁਲਾਉਂਦੇ ਰੋਜ਼ ਹੋ,
ਪਰਦਾ ਕਿਉਂ ਹੋ ਤਾਣਦੇ, ਜਦ ਕੋਲ ਬਹਿੰਦੀ ਹੈ ਗ਼ਜ਼ਲ।

ਨਿੱਕੀ ਜਿਹੀ ਇਹ ਸਿਨਫ ਹੈ, ਪਰ ਅੰਤ ਨਾ ਇਸਦਾ ਕੋਈ,
ਝੀਲਾਂ, ਸਮੁੰਦਰ ਸ਼ੂਕਦੇ ਵੀ ਸੋਖ਼ ਬਹਿੰਦੀ ਹੈ ਗ਼ਜ਼ਲ।

ਉਹ ਜਾਨ ਸੀ 'ਕੁਲਜੀਤ' ਦੀ, ਪਰਦੇਸ ਨੂੰ ਜੋ ਤੁਰ ਗਿਆ,
ਉਹਦੇ ਬਿਨਾਂ ਵੀ ਵੇਖ ਲਓ ਕਿੰਞ ਜਿਉਂਦੀ ਰਹਿੰਦੀ ਹੈ ਗ਼ਜ਼ਲ।



## ਗਏ ਸਮੁੰਦਰੋਂ ਪਾਰ ਕਦੋਂ ਫਿਰ ਮਿਲਦੇ ਨੇ

ਗਏ ਸਮੁੰਦਰੋਂ ਪਾਰ ਕਦੋਂ ਫਿਰ ਮਿਲਦੇ ਨੇ।
ਖੁੱਸ ਜਾਂਦੇ ਜਦ ਪਿਆਰ ਕਦੋਂ ਫਿਰ ਮਿਲਦੇ ਨੇ।

ਸੱਜਣ ਮਾਰਨ ਫੁੱਲ ਨਿਸ਼ਾਨੇ ਖਿਚ-ਖਿਚ ਕੇ,
ਫਟ ਹੋਵਣ ਇਕ ਵਾਰ ਕਦੋਂ ਫਿਰ ਮਿਲਦੇ ਨੇ।

ਰੋਲ ਜਵਾਨੀ ਇਉਂ ਨਾ ਸੁੰਨਿਆਂ ਰਾਹਾਂ ਤੇ,
ਜ਼ੋਬਨ ਦੇ ਦਿਨ ਚਾਰ ਕਦੋਂ ਫਿਰ ਮਿਲਦੇ ਨੇ।

ਸੌਦੇ ਦਿਲ ਦੇ ਆਖਿਰ ਮਹਿੰਗੇ ਪੈਂਦੇ ਹਨ,
ਟੁੱਟ ਜਾਵਣ ਇੱਕ ਵਾਰ ਕਦੋਂ ਫਿਰ ਮਿਲਦੇ ਨੇ।

ਬਿਨ ਦੱਸਿਆਂ ਤੁਰ ਜਾਵਣ ਮਨ ਦੇ ਮਹਿਰਮ ਜੇ,
ਦਿਲ ਨੂੰ ਚੈਨ ਕਰਾਰ ਕਦੋਂ ਫਿਰ ਮਿਲਦੇ ਨੇ।

ਸੋਹਣੇ ਲਾਲ ਗਵਾ ਕੇ ਫਿਰ ਪਛਤਾਵੇਂਗਾ,
ਲੱਖਾਂ ਫੋਲ਼ ਬਜ਼ਾਰ ਕਦੋਂ ਫਿਰ ਮਿਲਦੇ ਨੇ।

ਜੀਵਨ ਇੱਕ ਨਦੀ ਹੈ ਕੰਢੇ ਆਪਾਂ ਦੋ,
ਅੱਡ ਹੋਏ ਇਕ ਵਾਰ ਕਦੋਂ ਫਿਰ ਮਿਲਦੇ ਨੇ।

ਗ਼ਜ਼ਲ ਮੇਰੀ ਦਾ ਅਨੁਭਵ ਮੈਨੂੰ ਕਹਿੰਦਾ ਹੈ,
ਸ਼ੇਅਰਾਂ ਵਰਗੇ ਯਾਰ ਕਦੋਂ ਫਿਰ ਮਿਲਦੇ ਨੇ।

## ਕਿਤੇ ਮੇਰੀ ਮਹੁੱਬਤ ਨੂੰ ਕੋਈ ਠੋਕਰ ਨਾ ਲਾ ਜਾਵੀਂ

ਕਿਤੇ ਮੇਰੀ ਮਹੁੱਬਤ ਨੂੰ ਕੋਈ ਠੋਕਰ ਨਾ ਲਾ ਜਾਵੀਂ।
ਮੇਰੀ ਜੋ ਮੌਤ ਬਣ ਜਾਏ ਨਾ ਕਰ ਐਸੀ ਖ਼ਤਾ ਜਾਵੀਂ।

ਮੈਂ ਤੇਰੇ ਇਸ਼ਕ ਦੇ ਦਮ ਤੇ ਬੜਾ ਵਿਸ਼ਵਾਸ ਕੀਤਾ ਏ,
ਮਹੁੱਬਤ ਦੇ ਸਫ਼ੇ ਉੱਤੇ ਨਾ ਕੋਈ ਦਾਗ਼ ਲਾ ਜਾਵੀਂ।

ਇਹੋ ਚਾਹਤ ਮੇਰੇ ਦਿਲ ਦੀ ਤੇਰੇ ਹੱਥਾਂ 'ਚ ਮੌਤ ਆਵੇ,
ਮਹੁੱਬਤ ਦੀ ਕਸਮ ਤੈਨੂੰ ਮੇਰੀ ਖਾਹਸ਼ ਪੁਗਾ ਜਾਵੀਂ।

ਤੇਰਾ ਮੁੱਖ ਵੇਖਿਆਂ ਨੂੰ ਬੀਤ ਚੱਲੇ ਕਿੰਨੇ ਯੁੱਗ ਚੰਨਾ,
ਕਦੇ ਚੇਤੇ 'ਚ ਆ ਜਾਵੀਂ, ਕਦੇ ਸੁਪਨੇ 'ਚ ਆ ਜਾਵੀਂ।

ਜੋ ਮੇਰਾ ਸੀ ਤੇਰਾ ਹੋਇਆ, ਇਹ ਦਿਲ ਅੱਖੀਆਂ ਦੇ ਸੌਦੇ ਵਿੱਚ,
ਤੂੰ ਰੱਖੀਂ ਲਾਜ ਇਸ਼ਕੇ ਦੀ ਸਦਾ ਕਰਕੇ ਵਫ਼ਾ ਜਾਵੀਂ।

ਸਿਵਾ ਤੇਰੀ ਮਹੁੱਬਤ ਦੇ ਨਾ ਕੋਈ ਆਸਰਾ ਮੇਰਾ
ਵਿਛੋੜਾ ਸਹਿ ਨਹੀਂ ਹੋਣਾ, ਨਾ ਵਿੱਛੜ ਕੇ ਚਲਾ ਜਾਵੀਂ।

ਤੇਰੇ ਹੱਥ ਡੋਰ ਹੈ ਮੇਰੀ ਜੋ ਉਡਦੀ ਹਾਂ ਪਤੰਗ ਬਣਕੇ,
ਨਮੋਸ਼ੀ ਝੱਲ ਨ੍ਹੀਂ ਹੋਣੀ ਨਾ ਮੈਨੂੰ ਤੂੰ ਲੁਟਾ ਜਾਵੀਂ।

ਕਿਤੇ ਸੌਖੀ ਨਹੀਂ ਹੁੰਦੀ ਇਹ ਸਹਿਣੀ ਪੀੜ ਵਿਛੜਨ ਦੀ,
ਬਿਮਾਰੀ ਇਸ਼ਕ ਦੀ ਲਾਈ ਕੋਈ ਕਰਕੇ ਦਵਾ ਜਾਵੀਂ।



## ਗ਼ੈਰ ਦੇ ਹੱਥਾਂ 'ਚ ਅਪਣਾ ਹੱਥ ਫੜਾ ਕੇ ਤੁਰ ਗਿਆ

ਗ਼ੈਰ ਦੇ ਹੱਥਾਂ 'ਚ ਅਪਣਾ ਹੱਥ ਫੜਾ ਕੇ ਤੁਰ ਗਿਆ।
ਬੇਵਫ਼ਾ ਸੀਨੇ ਮੇਰੇ ਖੰਜ਼ਰ ਖੁਭਾ ਕੇ ਤੁਰ ਗਿਆ।

ਨਾਮ ਕੀ ਲੈਣਾ ਉਦ੍ਹਾ ਤੇ ਯਾਦ ਕੀ ਕਰਨਾ ਓਨੂੰ,
ਔਖ ਵੇਲੇ ਯਾਰ ਜੋ ਪੱਲਾ ਛੁੜਾ ਕੇ ਤੁਰ ਗਿਆ।

ਫੇਰ ਨਾ ਮੁੜਿਆ ਕਦੇ ਉਹ ਡਾਲਰਾਂ ਦੇ ਦੇਸ਼ ਤੋਂ,
ਦਿਲ, ਜਿਗਰ, ਅਹਿਸਾਸ ਤੇ ਪੱਥਰ ਟਿਕਾ ਕੇ ਤੁਰ ਗਿਆ।

ਉਠਦੀ ਨਾ ਅੱਖ ਮੇਰੀ ਸ਼ਰਮ ਦੇ ਅਹਿਸਾਸ ਨਾਲ,
ਉਹ ਜਦੋਂ ਦਾ ਕੋਲ ਦੀ ਨਜ਼ਰਾਂ ਚੁਰਾ ਕੇ ਤੁਰ ਗਿਆ।

ਬੁੱਢੀਆਂ ਅੱਖਾਂ ਨੂੰ ਹਾਲੇ ਉਹਦੇ ਪਰਤਣ ਦੀ ਹੈ ਆਸ,
ਪੁੱਤ ਜੋ ਪਰਦੇਸ ਨੂੰ ਸਭ-ਕੁਝ ਲੁਟਾ ਕੇ ਤੁਰ ਗਿਆ।

ਸਾਂਭ ਲੈਂਦਾ ਆਖ਼ਰੀ ਸੌਗਾਤ ਮੇਰੇ ਪਿਆਰ ਦੀ,
ਪਰ ਉਹ ਮੇਰੇ ਪਿਆਰ ਦੇ ਸਭ ਖ਼ਤ ਜਲਾ ਕੇ ਤੁਰ ਗਿਆ।

ਆਖਦਾ ਸੀ ਜੋ ਕਦੇ 'ਕੁਲਜੀਤ' ਹੀ ਕੁਲਜੀਤ ਹੈ,
ਔਹ ਗਿਆ, ਕੁਲਜੀਤ ਦੀ ਹਸਤੀ ਮਿਟਾ ਕੇ ਤੁਰ ਗਿਆ।

## ਬੂੰਦ-ਬੂੰਦ ਸਾਵਣ ਦੀ ਮੇਰਾ ਤਨ-ਮਨ ਲੂੰਹਦੀ ਜਾਵੇ

ਬੂੰਦ-ਬੂੰਦ ਸਾਵਣ ਦੀ ਮੇਰਾ ਤਨ-ਮਨ ਲੂੰਹਦੀ ਜਾਵੇ।
ਦਿਲ ਮੇਰੇ ਦਾ ਪੰਛੀ ਕਿੱਦਾਂ ਗੀਤ ਖੁਸ਼ੀ ਦੇ ਗਾਵੇ।

ਮੰਨਿਆ ਕਿ ਸਾਵਣ ਦੇ ਦਿਨ ਕਈ ਵਾਰ ਨੇ ਮੁੜ ਕੇ ਆਉਣੇ,
ਪਰ ਜੋਬਨ ਦਾ ਲੰਘਿਆ ਵੇਲਾ ਫੇਰ ਕਦੀ ਨਾ ਆਵੇ।

ਜ਼ਾਲਮ ਅੱਖੀਆਂ, ਸੌਂ ਨਾ ਸਕੀਆਂ, ਮੁੜ-ਮੁੜ ਮੈਨੂੰ ਪੁੱਛਣ,
ਖਰਦੀ, ਮਰਦੀ ਜਾਵੇਂ ਕਿਹੜਾ ਤੇਰੀ ਨੀਂਦ ਚੁਰਾਵੇ।

ਮੁੱਕਣ-ਮੁੱਕਣ ਕਰਦੀ ਜਿੰਦ ਨੇ ਇਕ ਦਿਨ ਮੁਕ ਹੀ ਜਾਣਾ,
ਦਿਲਬਰ ਦੇ ਦਿਲ ਦੀ ਕੀ ਜਾਣਾ, ਆਵੇ ਜਾਂ ਨਾ ਆਵੇ।

ਇਸ਼ਕ 'ਚ ਐਵੇਂ ਮਨ ਹੀ ਟੁੱਟਿਆ, ਨਾ ਕੁਝ ਖੱਟਿਆ ਵੱਟਿਆ,
ਬੰਦ ਬੰਦ ਕਰਕੇ ਮੁਕਦੇ ਜਾਈਏ, ਮੁੜ-ਮੁੜ ਦਿਲ ਪਛਤਾਵੇ।

ਹਾਰ ਸ਼ਿੰਗਾਰ ਨਾ ਝਾਂਜਰ-ਗਾਨੀ, ਨਾ ਚੂੜੀ, ਨਾ ਛੱਲਾ,
ਤੇਰੇ ਬਾਝੋਂ ਰੁੱਤ ਜੋਬਨ ਦੀ ਐਵੇਂ ਨਾ ਲੰਘ ਜਾਵੇ।

ਚਿਰ ਦੀ ਪਿਆਸ ਨੂੰ ਸਹਿ ਨਾ ਸਕਦੀ ਦਰਦ ਸੁਣਾਵਾਂ ਕਿਸਨੂੰ?
ਚਾਰ-ਚੁਫੇਰੇ ਸਾਵਣ ਸਾਵਣ, ਦਿਲ ਦੀ ਔੜ ਨਾ ਜਾਵੇ।

ਕਰ ਕਰ ਯਾਦ ਸੱਜਣ ਅਪਣੇ ਨੂੰ ਰਤ ਦੇ ਹੰਝੂ ਕੇਰਾਂ,
ਰਾਤ ਛੁਰੀ ਬਣ-ਬਣ ਕੇ ਮੇਰੀ ਅੱਖ 'ਚੋਂ ਲੰਘਦੀ ਜਾਵੇ।



## ਬੁਲਾਵੇ ਤੂੰ ਤੇ ਨਾ ਆਵਾਂ, ਨਹੀਂ ਇਹ ਹੋ ਨਹੀਂ ਸਕਦਾ

ਬੁਲਾਵੇ ਤੂੰ ਤੇ ਨਾ ਆਵਾਂ, ਨਹੀਂ ਇਹ ਹੋ ਨਹੀਂ ਸਕਦਾ।
ਜ਼ੁਬਾਨੋਂ ਮੈਂ ਮੁਕਰ ਜਾਵਾਂ, ਨਹੀਂ ਇਹ ਹੋ ਨਹੀਂ ਸਕਦਾ।

ਪਏ ਆਉਣਾ ਸਮੁੰਦਰ ਤੈਰ ਕੇ ਤਾਂ ਫਿਰ ਵੀ ਆ ਜਾਵਾਂ,
ਮੈਂ ਡੁੱਬਣ ਤੋਂ ਹੀ ਡਰ ਜਾਵਾਂ, ਨਹੀਂ ਇਹ ਹੋ ਨਹੀਂ ਸਕਦਾ।

ਨਹੀਂ ਪਰਵਾਹ ਜ਼ਮਾਨੇ ਦੀ ਤੇ ਨਾ ਡਰ ਹਸ਼ਰ ਦਾ ਮੈਨੂੰ,
ਮਹੁੱਬਤ ਕਰ ਕੇ ਪਛਤਾਵਾਂ, ਨਹੀਂ ਇਹ ਹੋ ਨਹੀਂ ਸਕਦਾ।

ਕਈ ਪੀੜਾਂ, ਕਈ ਦੁਖੜੇ, ਕਰੋੜਾਂ ਜਖ਼ਮ ਸਹਿ ਜਾਵਾਂ,
ਮੈਂ ਪਰ ਅਪਮਾਨ ਸਹਿ ਜਾਵਾਂ, ਨਹੀਂ ਇਹ ਹੋ ਨਹੀਂ ਸਕਦਾ।

ਰਜ਼ਾ ਉਸਦੀ 'ਚ ਹੀ ਰਹਿਣਾ, ਕਦੋਂ ਦਾ ਸਿਖ ਲਿਆ ਮੈਂ ਤਾਂ,
ਦੁਖੀ ਹੋਵਾਂ ਜਾਂ ਹਰ ਜਾਵਾਂ, ਨਹੀਂ ਇਹ ਹੋ ਨਹੀਂ ਸਕਦਾ।

ਨਾ ਕੋਈ ਹੈ ਸਿਵਾ ਤੇਰੇ, ਤੇਰਾ ਹੀ ਆਸਰਾ ਮੈਨੂੰ,
ਬਿਨਾਂ ਤੇਰੇ ਮੈਂ ਜੀ ਪਾਵਾਂ, ਨਹੀਂ ਇਹ ਹੋ ਨਹੀਂ ਸਕਦਾ।

## ਪੀੜ੍ਹ ਤੇਰੇ ਜਾਣ ਦੀ ਮੈਨੂੰ ਮਕਾਉਂਦੀ, ਵੇਖ ਲੈ

ਪੀੜ੍ਹ ਤੇਰੇ ਜਾਣ ਦੀ ਮੈਨੂੰ ਮਕਾਉਂਦੀ, ਵੇਖ ਲੈ।
ਵੇਖ ਲੈ ਤੂੰ ਜਾਨ ਮੇਰੀ ਤਿਲਮਲਾਉਂਦੀ, ਵੇਖ ਲੈ।

ਮੋੜ ਕਿਹੜੇ ਜ਼ਾਲਮਾ ਮੈਨੂੰ ਤੂੰ ਛੱਡ ਕੇ ਤੁਰ ਗਿਓਂ?
ਆਰ ਦੀ, ਨਾ ਪਾਰ ਦੀ ਮੈਂ ਡਗਮਗਾਉਂਦੀ, ਵੇਖ ਲੈ।

ਕੀ ਕਰਾਂ,ਜਦ ਦਿਲ ਮੇਰਾ ਹੀ ਜੀਣ ਨੂੰ ਕਰਦਾ ਨਹੀਂ?
ਵਾਂਗ ਤੇਰੇ ਮੌਤ ਵੀ ਨਖ਼ਰੇ ਵਿਖਾਉਂਦੀ, ਵੇਖ ਲੈ।

ਸੋਚ ਲੈਂਦਾ ਜਾਣ ਤੋਂ ਪਹਿਲਾਂ ਰਤੀ, ਪਰਦੇਸ ਨੂੰ,
ਯਾਦ ਅਪਣੇ ਵਤਨ ਦੀ ਹੈ ਫਿਰ ਵੀ ਆਉਂਦੀ, ਵੇਖ ਲੈ।

ਜ਼ਰਦ ਚਿਹਰੇ ਤੇ ਵੀ ਮੇਰੇ ਹੈ ਅਜੇ ਮੁਸਕਾਨ ਹੀ,
ਨਿਤ ਜ਼ਮਾਨੇ ਤੋਂ ਤੇਰਾ ਮੈਂ ਗ਼ਮ ਲਕਾਉਂਦੀ, ਵੇਖ ਲੈ।

ਇਹ ਗੁਲਾਮੀ ਮਰਦ ਦੀ ਆਖਿਰ ਕਦੋਂ ਤੱਕ ਭੋਗਦੀ,
ਨਾਰੀ ਹੁਣ ਇਤਿਹਾਸ ਨੂੰ ਖ਼ੁਦ ਹੀ ਰਚਾਉਂਦੀ, ਵੇਖ ਲੈ।

ਵਰਜਿਆ ਸੀ ਇਸ਼ਕ ਤੋਂ ਇਸ ਦਿਲਜਲੀ 'ਕੁਲਜੀਤ' ਨੂੰ,
ਛੱਡ ਗਿਆਂ ਦੀ ਯਾਦ ਵਿੱਚ ਹੰਝੂ ਵਹਾਉਂਦੀ, ਵੇਖ ਲੈ।



## ਉਡੀਕਾਂ ਤੇਰੀਆਂ ਕਰ ਕਰ ਸੱਜਣਾ, ਝੱਲੀ ਨਾ ਹੋ ਜਾਵਾਂ ਮੈਂ

ਉਡੀਕਾਂ ਤੇਰੀਆਂ ਕਰ ਕਰ ਸੱਜਣਾ, ਝੱਲੀ ਨਾ ਹੋ ਜਾਵਾਂ ਮੈਂ।
ਰੋਜ਼ ਸਵੇਰੇ ਕੰਧਾਂ ਉੱਤੋਂ ਕਾਲੇ ਕਾਗ ਉਡਾਵਾਂ ਮੈਂ।

ਤੇਰੇ ਲਈ ਮੈਂ ਲੈ ਆਈ ਹਾਂ ਚੰਨ ਸਿਤਾਰੇ ਗ਼ਜ਼ਲਾਂ ਗੀਤ,
ਹੁਣ ਆਖੇਂ ਤਾਂ ਸੂਰਜ ਦਾ ਵੀ ਟੋਟਾ ਤੋੜ ਲਿਆਵਾਂ ਮੈਂ।

ਕੀ ਕਰਨਾ ਮੈਂ ਕੱਲ੍ਹੀ ਜਿੰਦ ਦਾ, ਕੋਈ ਐਸਾ ਮਿਲ ਜਾਏ,
ਜਿਸਦੇ ਆਖੇ ਜਿਊਂਦੀ ਹੋਵਾਂ, ਜਿਸ ਆਖੇ ਮਰ ਜਾਵਾਂ ਮੈਂ।

ਬੋਲ-ਕੁਬੋਲ ਕੋਈ ਬੋਲੇ ਇਹ ਗ਼ੈਰਾਂ ਅੰਦਰ ਜੁਅੱਰਤ ਨਾ,
ਪਰ ਸੱਜਣਾ ਦੇ ਮੂੰਹੋਂ ਭਾਵੇਂ ਝਿੜਕ ਦਿੱਤੇ ਮਰ ਜਾਵਾਂ ਮੈਂ।

ਮੇਰੇ ਵਰਗੇ ਬਹੁਤ ਪੜ੍ਹਾਕੂ ਰੋਲੇ ਬੇਰੁਜ਼ਗਾਰੀ ਨੇ,
ਜਵਾਨੀ ਵਿਚ ਫਿਰ ਕਿੱਦਾਂ ਗੀਤ ਪਿਆਰ ਦੇ ਗਾਵਾਂ ਮੈਂ?

ਲੱਖਾਂ ਵਿੱਚੋਂ ਇੱਕ ਹਾਂ ਕੋਈ ਦਿਲ ਲਾ ਕੇ ਤਾਂ ਵੇਖ ਲਵੇ,
ਨਾਂ ਮੇਰਾ 'ਕੁਲਜੀਤ ਗ਼ਜ਼ਲ' ਹੈ, ਧੁਰ ਤੱਕ ਪਿਆਰ ਨਿਭਾਵਾਂ ਮੈਂ।

## ਕਦੇ ਹੱਸਾਂ ਕਦੇ ਰੋਵਾਂ ਇਹ ਕੀ ਹੋਇਆ ਸ਼ੁਦਾਅ ਮੈਨੂੰ

ਕਦੇ ਹੱਸਾਂ ਕਦੇ ਰੋਵਾਂ ਇਹ ਕੀ ਹੋਇਆ ਸ਼ੁਦਾਅ ਮੈਨੂੰ।
ਜਿਊਂਦੀ ਹਾਂ ਜਾਂ ਮੋਈ ਹਾਂ ਨਾ ਏਨਾ ਵੀ ਪਤਾ ਮੈਨੂੰ।

ਉਨ੍ਹਾਂ ਦੀ ਘਾਟ ਨ੍ਹੀਂ ਰੱਬਾ, ਮੇਰੇ ਹਾਸੇ ਤੋਂ ਜੋ ਸੜਦੇ,
ਗਲੇ ਲੱਗ ਰੋ ਸਕਾਂ ਜਿਸਦੇ, ਕੋਈ ਐਸਾ ਮਿਲਾ ਮੈਨੂੰ।

ਗ਼ਜ਼ਲ ਮੇਰੀ 'ਚ ਹੋ ਜਾਂਦਾ ਜ਼ਿਕਰ ਪਰਦੇਸ ਦਾ ਆਪੇ,
ਇਵੇਂ ਲੱਗਦਾ ਜਿਵੇਂ ਕੋਈ ਹੈ ਛੱਡ ਕੇ ਤੁਰ ਗਿਆ ਮੈਨੂੰ।

ਨਾ ਕੋਈ ਸੀ, ਨਾ ਕੋਈ ਹੈ, ਤੇ ਮੇਰਾ ਕੌਣ ਹੋਵੇਗਾ?
ਜਿਦ੍ਹੇ ਵਿਛੜਨ ਦਾ ਗ਼ਮ ਹੋਵੇ ਤੇ ਵਸਲਾਂ ਦਾ ਨਸ਼ਾ ਮੈਨੂੰ।

ਕਦੇ ਮੈਂ ਸੋਚਿਆ ਨਾ ਸੀ ਕਿ ਦਿਨ ਇੰਝ ਦੇ ਵੀ ਆਵਣਗੇ,
ਉਹ ਪਾਸਾ ਵੱਟ ਜਾਵਣਗੇ ਜੋ ਕਹਿੰਦੇ ਸੀ ਖ਼ੁਦਾ ਮੈਨੂੰ।

ਗ਼ਜ਼ਲ ਵਰਗੀ ਮਹੁੱਬਤ ਤਾਂ ਮਿਲੇ ਤਕਦੀਰ ਵਾਲੇ ਨੂੰ,
ਖਹੇ ਗ਼ੈਰਾਂ ਦੇ ਲਗ-ਲਗ ਕੇ ਤੂੰ ਐਵੇਂ ਨਾ ਗਾਵਾ ਮੈਨੂੰ।



## ਹਿਜਰ ਦਾ ਉਹ ਰੋਗ ਮੈਨੂੰ ਜਾਣ ਲੱਗਾ ਲਾ ਗਿਆ

ਹਿਜਰ ਦਾ ਉਹ ਰੋਗ ਮੈਨੂੰ ਜਾਣ ਲੱਗਾ ਲਾ ਗਿਆ।
ਆਪ ਝੱਲਾ ਤੁਰ ਗਿਆ, ਤੇ ਕੀ ਪੁਆੜਾ ਪਾ ਗਿਆ।

ਯੋਜਨਾ ਉਸਨੇ ਬਣਾਈ ਆਪ ਇਕੱਠੇ ਮਰਨ ਦੀ,
ਖਾਣ ਲੱਗਾ ਜ਼ਹਿਰ ਮੇਰੇ ਹਿੱਸੇ ਦੀ ਵੀ ਖਾ ਗਿਆ।

ਕੀ ਪਤਾ ਸੀ ਗ਼ੈਰ ਹੀ ਹੋ ਜਾਣਗੇ ਅਪਣੇ ਸਕੇ
ਜੀਅ ਹਰ ਇਕ ਮੇਰੇ ਹੀ ਘਰ ਦਾ ਆ ਕੇ ਮੈਨੂੰ ਤਾਅ ਗਿਆ।

ਰੀਝ ਨਾ ਬਾਕੀ ਰਹੀ ਦਿਲ ਦੀ ਕਿ ਵੇਖਾਂ ਹੋਰ ਨੂੰ,
ਕੀ ਕਰਾਂ? ਉਸਦਾ ਹੀ ਮੁਖੜਾ ਮਨ ਮੇਰੇ ਨੂੰ ਭਾਅ ਗਿਆ।

ਚੰਦ ਸੀ, ਜੁਗਨੂੰ ਸੀ ਉਹ, ਦੀਵਾ ਜਾਂ ਤਾਰਾ ਰਾਤ ਦਾ,
ਜਾਣ ਦੀ ਹੀ ਦੇਰ ਸੀ ਤੇ ਫਿਰ ਹਨੇਰਾ ਛਾ ਗਿਆ।

ਕੌਣ ਕਹਿੰਦਾ ਹੈ ਸਮੇਂ ਦੀ ਮਾਰ ਨੂੰ ਸਹਿਣਾ ਪਊ?
ਦੁਸ਼ਮਣਾਂ ਦਾ ਅੰਤ ਹੈ 'ਕੁਲਜੀਤ' ਨੇੜੇ ਆ ਗਿਆ।

## ਹੀਰੇ ਹੀਰੇ ਕਰਦੇ ਲੋਕ

ਹੀਰੇ ਹੀਰੇ ਕਰਦੇ ਲੋਕ।
ਚੂਚਕ ਬਣਨੋਂ ਡਰਦੇ ਲੋਕ।

ਉੱਚਿਆਂ ਕੋਲੋਂ ਡਰਦੇ ਲੋਕ।
ਨੀਵਿਆਂ ਉੱਤੇ ਵਰ੍ਹਦੇ ਲੋਕ।

ਖਾਲੀ ਜੇਬ ਨਾ ਪੁੱਛਦਾ ਕੋਈ,
ਪੈਸੇ ਦਾ ਦਮ ਭਰਦੇ ਲੋਕ।

ਜਾਨ ਤੋਂ ਪਿਆਰੇ ਤਾਂ ਨੇ ਲਗਦੇ,
ਤੇਰੀਆਂ ਗੱਲਾਂ ਕਰਦੇ ਲੋਕ।

ਜੀਵਨ ਤਾਂ ਇਕ ਸਾਗਰ ਹੈ,
ਕੁੱਝ ਡੁੱਬਦੇ ਕੁਝ ਤਰਦੇ ਲੋਕ।

ਜੀਵਨ ਸਸਤਾ, ਮਹਿੰਗੀ ਮੌਤ
ਨਾ ਜੀਂਦੇ ਨਾ ਮਰਦੇ ਲੋਕ।

ਕਰੇ ਭਰੋਸਾ ਕਿਸ ਤੇ ਕੌਣ?
ਪਲ-ਪਲ ਜਾਣ ਮੁਕਰਦੇ ਲੋਕ।

ਗ਼ੈਰਾਂ ਤੋਂ ਹੁਣ ਡਰਨਾ ਕੀ,
ਲੁੱਟ ਲੈ ਜਾਂਦੇ ਘਰ ਦੇ ਲੋਕ।

ਥੱਕੇ ਹਾਰੇ ਕਿਉਂ ਲਗਦੇ ਨੇ?
ਮੇਰੀ ਏਸ ਉਮਰ ਦੇ ਲੋਕ।

ਗੀਤ, ਗ਼ਜ਼ਲ ਨੂੰ ਜਾਣਨ ਕੀ,
ਤੇਰੇ ਏਸ ਨਗਰ ਦੇ ਲੋਕ।



## ਜਦੋਂ ਮਿਲਿਆ ਮੈਨੂੰ ਕੋਈ ਤਾਂ ਪੱਥਰ ਦਾ ਖ਼ੁਦਾ ਮਿਲਿਆ

ਜਦੋਂ ਮਿਲਿਆ ਮੈਨੂੰ ਕੋਈ ਤਾਂ ਪੱਥਰ ਦਾ ਖ਼ੁਦਾ ਮਿਲਿਆ।
ਨਾ ਕੋਈ ਬਾਵਫ਼ਾ ਮਿਲਿਆ ਨਾ ਕੋਈ ਬੇਵਫ਼ਾ ਮਿਲਿਆ।

ਪਿਤਾ ਮਿਲਿਆ, ਭਰਾ ਮਿਲਿਆ, ਪਤੀ ਮਿਲਿਆ ਤੇ ਪੁੱਤ ਮਿਲਿਆ,
ਕਿ ਹਾਲੇ ਤੱਕਨਾ ਮੈਨੂੰ ਮੇਰਾ ਅਪਣਾ ਪਤਾ ਮਿਲਿਆ।

ਮਿਲੇ ਸਭ ਗ਼ੈਰ ਬਣ ਕੇ ਹੀ, ਬਿਗਾਨੇ ਵੀ 'ਤੇ ਅਪਣੇ ਵੀ,
ਨਹੀਂ ਬਣਿਆ ਦੁਆ ਕੋਈ ਤੇ ਨਾ ਬਣ ਕੇ ਦਵਾ ਮਿਲਿਆ।

ਮਿਲੇ ਬੁਜ਼ਦਿਲ ਵਪਾਰੀ ਸਭ, ਕੋਈ ਤਨ ਦਾ, ਕੋਈ ਧਨ ਦਾ,
ਜੋ ਦਿਲ ਦੇ ਬਦਲੇ ਦਿਲ ਦੇਂਦਾ, ਨਾ ਐਸਾ ਦਿਲਰੁਬਾ ਮਿਲਿਆ।

ਇਹ ਡੱਕੋ-ਡੋਲੇ ਖਾ-ਖਾ ਕੇ ਕਦੇ ਡੁੱਬਦਾ ਕਦੇ ਤਰਦਾ,
ਉਦ੍ਹਾ ਖ਼ਤ ਮਿਲ ਗਿਆ ਤਾਂ ਦਿਲ ਨੂੰ ਕੁੱਝ-ਕੁੱਝ ਆਸਰਾ ਮਿਲਿਆ।

ਉਹਦੇ ਬਿਨ ਇੱਕ ਅਧੂਰਾਪਨ ਮੇਰੇ ਜੀਵਨ ਦਾ ਹਿੱਸਾ ਹੈ,
'ਗ਼ਜ਼ਲ' ਨੂੰ ਭਾਲ਼ ਸੀ ਜਿਸਦੀ ਨਹੀਂ ਉਹ ਕਾਫ਼ੀਆ ਮਿਲਿਆ।

## ਤੂੰ ਬਲਦੀ ਲਾਟ ਹੈਂ, ਮੈਂ ਤੇਰਾ ਚਾਨਣਾ

ਤੂੰ ਬਲਦੀ ਲਾਟ ਹੈਂ, ਮੈਂ ਤੇਰਾ ਚਾਨਣਾ।
ਤੂੰ ਮੇਰਾ ਜਿਸਮ ਏਂ, ਮੈਂ ਤੇਰੀ ਆਤਮਾ।

ਮਿਲੇਂ ਮੈਨੂੰ ਕਦੇ ਤਾਂ ਮੰਗਾਂ ਹੋਰ ਕੁਝ,
ਕਿ ਤੈਨੂੰ ਵੇਖਣਾ ਹੀ ਪਹਿਲੀ ਕਾਮਨਾ।

ਕਦੇ ਫਰਿਆਦ ਕਰ ਕਿ ਏਦਾਂ ਹੋ ਸਕੇ,
ਬਦੀ ਦਾ ਨਾਮ ਤੇ ਜ਼ੁਲਮ ਦਾ ਖ਼ਾਤਮਾ।

ਤੜ੍ਹਪ ਜਿੰਨੀ ਵੀ ਹੈ, ਉਹ ਮੈਨੂੰ ਦੇ ਦਿਓ,
ਮੇਰਾ ਤਾਂ ਜਨਮ ਤੋਂ ਗ਼ਮਾਂ ਨਾਲ ਵਾਸਤਾ।

ਪਰ੍ਹੇ ਨੇ ਜੀਣ ਤੋਂ, ਤੇ ਡੂਘੇ ਮੌਤ ਤੋਂ,
ਬੜਾ ਔਖਾ ਸਨਮ ਦਿਲਾਂ ਦੀ ਜਾਨਣਾ।

ਬੜੀ ਕਿਸਮਤ ਮੇਰੀ ਮੈਂ ਤੈਨੂੰ ਪਾ ਲਿਆ,
ਮੇਰਾ ਵੀ ਇਸ਼ਕ ਤਾਂ ਹੈ ਲੰਮੀ ਸਾਧਨਾ।

ਚਲਾ ਜਾਈਂ ਸੁਬ੍ਹਾ, ਹਾਲੇ ਤਾਂ ਰਾਤ ਹੈ,
ਕਦੇ ਤਾਂ ਵੇਖ ਤੂੰ ਵੀ ਕਰਕੇ ਜਾਗਰਾ।

'ਗ਼ਜ਼ਲ' ਤੇਰੇ ਗ਼ਮਾਂ ਨੂੰ ਲੈ ਕੇ ਪੀ ਲਵਾਂ,
ਤੇਰੇ ਸਿਰ ਤੋਂ ਸਦਾ ਹੀ ਕਰਕੇ ਵਾਰਨਾ।



## ਦੋਸਤੋ ਕੁਝ ਤਾਂ ਕਰੋ ਇਹ ਦਿਲ ਬੜੀ ਮੁਸ਼ਕਿਲ 'ਚ ਹੈ

ਦੋਸਤੋ ਕੁਝ ਤਾਂ ਕਰੋ ਇਹ ਦਿਲ ਬੜੀ ਮੁਸ਼ਕਿਲ 'ਚ ਹੈ।
ਜਾਪਦਾ ਕੱਲ੍ਹਾ ਬੜਾ ਉਂਝ ਤਾਂ ਭਰੀ ਮਹਿਫਿਲ 'ਚ ਹੈ।

ਹੁਣ ਤਾਂ ਮੇਰੇ ਕੋਲ ਸੀ, ਉਹ ਬਸ ਹੁਣੇ ਹੀ ਤੁਰ ਗਿਆ,
ਮਾਣ ਕੀ ਕਰਨਾ ਸਜਣ ਤੇ ਬਦਲਦਾ ਜੋ ਪਲ 'ਚ ਹੈ।

ਫੁਲ ਚੜ੍ਹਾ ਕੇ ਕਰ ਲਿਆ ਇਕ ਦੇਵਤੇ ਨੂੰ ਖੁਸ਼ ਅਸਾਂ,
ਕੌਣ ਜਾਣੇ ਪੀੜ੍ਹ ਕਿੰਨੀ ਤਿਤਲੀਆਂ ਦੇ ਦਿਲ 'ਚ ਹੈ?

ਪੰਧ ਵੀ ਬਿਖੜਾ ਬੜਾ ਤੇ ਜ਼ਿੰਦਗੀ ਦੀ ਸ਼ਾਮ ਏ,
ਪੁੱਜਣਾ ਹੈ ਲਾਜ਼ਮੀ, ਦੂਰੀ ਬੜੀ ਮੰਜ਼ਿਲ 'ਚ ਹੈ।

ਹੈ ਬੜਾ ਔਖਾ ਕਿਸੇ ਨੂੰ ਦਿਲ 'ਚੋਂ ਕੱਢ ਕੇ ਮਾਰਨਾ,
ਵਾਹ! ਮੇਰੇ ਰੱਬਾ ਬੜਾ ਜੇਰਾ ਮੇਰੇ ਕਾਤਿਲ 'ਚ ਹੈ।

ਮੈਂ ਤਾਂ ਬਸ ਐਵੇਂ ਕਿਹਾ ਸੀ, "ਜਾਹ ਦੀਵਾਨੇ ਮਰ ਕਿਤੇ।"
ਮਰਨ ਤੁਰਿਆ, ਵੇਖੋ ਕਿੱਡਾ ਹੌਂਸਲਾ ਪਾਗਲ 'ਚ ਹੈ।

ਤੂੰ ਸਦਾ ਸੰਸਾਰ ਤੋਂ ਨਿਰਲੇਪ ਰਹਿਣਾ ਹੈ 'ਗ਼ਜ਼ਲ',
ਉਸ ਕਮਲ ਵਾਂਗੂੰ ਕਿ ਜਿਹੜਾ ਉੱਗਦਾ ਦਲਦਲ 'ਚ ਹੈ।

## ਤੇਰਾ ਮੇਰਾ ਰਿਸ਼ਤਾ ਜਿੱਦਾਂ ਰੁੱਖਾਂ ਨਾਲ ਮਨੁੱਖਾਂ

ਤੇਰਾ ਮੇਰਾ ਰਿਸ਼ਤਾ ਜਿੱਦਾਂ ਰੁੱਖਾਂ ਨਾਲ ਮਨੁੱਖਾਂ।
ਤੂੰ ਹੀ ਮੇਰਾ ਜੀਵਨ ਮੋਤੀ ਤੇਰੀਆਂ ਸੁੱਖਾਂ ਸੁੱਖਾਂ।

ਮਾਂ ਪਿਓ, ਭੈਣ-ਭਰਾਵਾਂ ਵਰਗੇ ਸਾਕ ਨਿਭਾਏ ਰੁੱਖਾਂ,
ਇਹਨਾਂ ਸਾਡਾ ਦਰਦ ਵੰਡਾਇਆ, ਦਿੱਤੀ ਪੀੜ ਮਨੁੱਖਾਂ।

ਅੰਦਰ ਬਾਹਰ ਤੂੰ ਹੀ ਤੂੰ ਏ ਹੋਰ ਨਾ ਚੇਤਾ ਕੋਈ,
ਤੇਰੇ ਮੁਖ ਨੂੰ ਜਦ ਵੀ ਵੇਖਾਂ ਲਥ ਜਾਵਣ ਸਭ ਭੁੱਖਾਂ।

ਨਾ ਮੈਂ ਹਾਰ ਹਮੇਲਾਂ ਮੰਗਾਂ, ਨਾ ਹੀ ਪੌਂਡ ਤੇ ਡਾਲਰ,
ਮੈਂ ਪੰਜਾਬਣ ਰੱਜੀ-ਪੁੱਜੀ, ਤੇਰੀਆਂ ਹੀ ਬਸ ਭੁੱਖਾਂ।

ਸੀਨੇ ਦੇ ਵਿਚ ਦਿਲ ਵਸਦਾ, ਤੇ ਦਿਲ ਵਿਚ ਵਸਦਾ ਸੋਹਣਾ ,
ਦਿਲ ਦਾ ਹੁਸਨ ਖ਼ੁਦਾ ਨੇ ਦਿੱਤਾ, ਇਸ਼ਕ ਸਿਖਾਇਆ ਰੁੱਖਾਂ।

ਕਬਰਾਂ ਜਿਹੀ ਵੀਰਾਨੀ ਛਾਈ ਹੈ ਤਨ ਮਨ ਦੇ ਵਿਹੜੇ,
ਗ਼ੈਰਾਂ ਦੀ ਨਫ਼ਰਤ ਨੇ ਖਾਧਾ, ਆਪਣਿਆਂ ਦੇ ਦੁੱਖਾਂ।

ਧਰਤੀ ਨਰਕੋ ਨਰਕੀ ਹੋਈ, ’ਤੇ ਅੰਬਰ ਸ਼ਰਮ ’ਚ ਝੁਰੇ
ਔਰਤ ਜੰਮਦੀ ਮਰਦ ਤੇ ਵੇਖੋ ਮਰਦ ਉਜਾੜੇ ਕੁੱਖਾਂ।

ਦੁਖ-ਸੁਖ ਨਾਂ ਦੇ ਦੋ ਹੀ ਰਿਸ਼ਤੇ ਹੋਰ ਨਾ ਰਿਸ਼ਤਾ ਕੋਈ,
ਤੈਨੂੰ ਤੇਰਿਆਂ ਸੁੱਖਾਂ ਖਾਧਾ, ਸਾਨੂੰ ਤੇਰਿਆਂ ਦੁੱਖਾਂ।



## ਇਕੱਲੀ ਹਾਂ, ਕੋਈ ਜੀਵਨ ’ਚ ਆ ਜਾਵੇ ਤਾਂ ਚੰਗਾ ਹੈ

ਇਕੱਲੀ ਹਾਂ, ਕੋਈ ਜੀਵਨ ’ਚ ਆ ਜਾਵੇ ਤਾਂ ਚੰਗਾ ਹੈ।
ਕਿ ਇਸ ਦਿਲ ਨੂੰ ਕੋਈ ਅਪਣਾ ਬਣਾ ਜਾਵੇ ਤਾਂ ਚੰਗਾ ਹੈ।

ਬੜੀ ਚੰਚਲ ਜਵਾਨੀ ਹੈ, ਬੜਾ ਜਾਬਰ ਜ਼ਮਾਨਾ ਹੈ,
ਮਹੁੱਬਤ ਵੀ ਕੋਈ ਜਲਵਾ ਦਿਖਾ ਜਾਵੇ ਤਾਂ ਚੰਗਾ ਹੈ।

ਨਾ ਕੁਝ ਸੁਨਣਾ, ਨਾ ਕੁਝ ਕਹਿਣਾ, ਅਦਾ ਭਾਉਂਦੀ ਨਾ ਸੱਜਣਾ ਦੀ,
ਰੁਸਾ ਜਾਵੇ ਤਾਂ ਚੰਗਾ ਹੈ, ਮਨਾ ਜਾਵੇ ਤਾਂ ਚੰਗਾ ਹੈ।

ਹਮੇਸ਼ਾਂ ਖਾਣ ਨੂੰ ਪੈਂਦੇ ਇਹ ਸਰਕਾਰੀ ਕਰਮਚਾਰੀ,
ਤਲੀ ’ਤੇ ਨੋਟ ਜੇ ਕੋਈ ਟਿਕਾ ਜਾਵੇ ਤਾਂ ਚੰਗਾ ਹੈ।

ਬੜੀ ਚਾਹਤ ਵਿਛੋੜੇ ਦੀ ਤੇ ਮੈਨੂੰ ਸ਼ੌਂਕ ਬਿਰਹਾ ਦਾ,
ਕੋਈ ਜੀਵਨ ’ਚ ਆ ਕੇ ਫਿਰ ਚਲਾ ਜਾਵੇ ਤਾਂ ਚੰਗਾ ਹੈ।

ਗ਼ਜ਼ਲ ਨੂੰ ਲੋੜ ਨਾ ਕੋਈ, ਕਿਸੇ ਵੀ ਬੇਵਫ਼ਾ ਦੀ ਹੁਣ,
ਕਹੋ ਇਸ ਨੂੰ ਮੇਰੇ ਦਿਲ ’ਚੋਂ ਚਲਾ ਜਾਵੇ ਤਾਂ ਚੰਗਾ ਹੈ।

## ਵੇਖ ਜਰਾ ਤੂੰ ਪਿਆਰ ਲਈ ਮਰ ਕੇ

ਵੇਖ ਜਰਾ ਤੂੰ ਪਿਆਰ ਲਈ ਮਰ ਕੇ।
ਆ ਜਾ ਸੀਸ ਨੂੰ ਹਥੇਲੀ ਉੱਤੇ ਧਰ ਕੇ।

ਟੁੱਟ ਜਾਏ ਨਾ ਸਫ਼ਰ ਦਾ ਇਹ ਹੌਂਸਲਾ,
ਮੈਨੂੰ ਤੋਰ ਨਾ ਤੂੰ ਅੱਖੀਆਂ ਇਹ ਭਰ ਕੇ।

ਸਾਉਣ ਅੱਖੀਆਂ ਦਾ, ਬ੍ਰਿਹੋਂ ਦਾ ਸੇਕ ਹੈ,
ਮੁੱਕ ਜਾਵਾਂ 'ਨ' ਮੈਂ ਲੂਣ ਵਾਂਗੂੰ ਖਰ ਕੇ।

ਕਈ ਹੋਰ ਵੀ ਬਹਾਨੇ ਹਨ ਜੀਣ ਦੇ
ਨਹੀਂ ਜੀਂਦੇ ਅਸੀਂ ਸਿਰਫ ਤੇਰੇ ਕਰ ਕੇ।

ਜਾਗ ਪੋ ਹੁਣ ਤਾਂ ਵੇ ਲੋਕੋ ਸੁੱਤਿਓ,
ਬੜਾ ਜੀ ਲਿਆ ਏ ਦੁੱਖਾਂ ਤਾਈਂ ਜਰ ਕੇ।

ਓਸ ਕੰਢੇ ਉੱਤੋਂ 'ਵਾਜ ਮਾਰ ਦੇਖ ਤਾਂ,
ਆ ਜਾਂ ਗੀ ਮੈਂ ਸਾਗਰਾਂ ਨੂੰ ਤਰ ਕੇ।

ਮੈਂ ਤਾਂ ਖੁੱਲੀ ਹਾਂ ਕਿਤਾਬ ਤੇਰੇ ਸਾਹਮਣੇ,
ਪੜ੍ਹ ਹੌਲੀ ਹੌਲੀ ਏਸ ਦੇ ਤੂੰ ਵਰਕੇ।



## ਦਿਲ ਮੇਰੇ ਦੇ ਰੋਗ ਦੀ ਜਗ ਤੇ ਦਵਾ ਕੋਈ ਨਹੀਂ

ਦਿਲ ਮੇਰੇ ਦੇ ਰੋਗ ਦੀ ਜਗ ਤੇ ਦਵਾ ਕੋਈ ਨਹੀਂ।
ਜ਼ਿੰਦਗੀ ਤੇ ਮੌਤ ਵਿਚ ਹੁਣ ਫਾਸਲਾ ਕੋਈ ਨਹੀਂ।

ਵਿਲਕਦੀ ਹੈ ਜਾਨ ਮੇਰੀ, ਮੁੜ ਆ ਹੁਣ ਪਰਦੇਸ ਤੋਂ,
ਤੇਰੇ ਬਾਝੋਂ ਮੇਰੇ ਦਿਲ ਦਾ ਆਸਰਾ ਕੋਈ ਨਹੀਂ।

ਪੱਥਰਾਂ ਦੇ ਸ਼ਹਿਰ ਵਿਚ ਤੂੰ ਵੀ ਤਾਂ ਪੱਥਰ ਹੋ ਗਿਓਂ,
ਦਿਲ ਕਿਸੇ ਦੇ ਦਰਦ ਵਿਚ ਹੁਣ ਧੜਕਦਾ ਕੋਈ ਨਹੀਂ।

ਵਿਚ-ਵਿਚਾਲੇ ਟੁੱਟ ਜਾਵੇ, ਪਿਆਰ ਕੱਚੀ ਉਮਰ ਦਾ,
ਜ਼ਿੰਦਗੀ ਵਿਚ ਇਸ ਤੋਂ ਵੱਡਾ ਹਾਦਸਾ ਕੋਈ ਨਹੀਂ।

ਕਿੰਞ ਬਚੇਗਾ ਪਿਆਰ ਅਪਣਾ ਨਫ਼ਰਤਾਂ ਦੀ ਧੁੱਪ ਵਿੱਚ?
ਰਿਸ਼ਤਿਆਂ ਦੀ ਥਾਂ ਦਾ ਜਿੱਥੇ ਵਾਸਤਾ ਕੋਈ ਨਹੀਂ।

ਲਾਲ ਬੱਤੀ ਕਾਰ ਉੱਤੇ, ਅੱਖ ਹੈ ਅਸਮਾਨ ਤੇ,
ਇਹ 'ਨ' ਸਮਝੋ ਸ਼ੀਸ਼ਿਆਂ ਵਿਚ ਵੇਖਦਾ ਕੋਈ ਨਹੀਂ।

ਰੂਹ ਤੋਂ ਲੈ ਕੇ ਜਿਸਮ ਤੱਕ ਜੋ ਜਿਤ ਸਕੇ 'ਕੁਲਜੀਤ' ਨੂੰ,
ਜਗ 'ਚ ਐਸਾ ਸੂਰਮਾ ਤੇ ਦਿਲਰੁਬਾ ਕੋਈ ਨਹੀਂ।

## ਵੱਡੇ-ਵੱਡੇ ਦੁੱਖ ਜਰੇ ਨੇ ਐਹੋ ਦੁਖੜਾ ਜਰ ਨ੍ਹੀਂ ਹੁੰਦਾ

ਵੱਡੇ-ਵੱਡੇ ਦੁੱਖ ਜਰੇ ਨੇ ਐਹੋ ਦੁਖੜਾ ਜਰ ਨ੍ਹੀਂ ਹੁੰਦਾ।
ਸਾਗਰ ਜਿੱਡੀ ਵਿਥ ਹੈ ਸਾਡੀ, ਸਾਗਰ ਮੈਥੋਂ ਤਰ ਨ੍ਹੀਂ ਹੁੰਦਾ।

ਤੇਰੇ ਬਾਝੋਂ ਸੁੰਨੀਆਂ ਗਲੀਆਂ, ਸੁੰਨੇ ਮਹਿਲ ਚੁਬਾਰੇ ਲਗਦੇ,
ਉਜੜੇ-ਉਜੜੇ ਪਿੰਡ ਲਗਦੇ ਨੇ, ਵਸਦਾ ਅੰਮ੍ਰਿਤਸਰ ਨ੍ਹੀਂ ਹੁੰਦਾ।

ਉਠ ਤੁਰਦਾ ਪਰਦੇਸੀ ਜਦ ਵੀ, ਬੇਵਸ ਹੋ ਕੇ ਬਹਿ ਜਾਂਦੀ ਹਾਂ,
ਉਡਣ-ਖਟੋਲਾ ਉਡ ਜਾਂਦਾ ਏ, ਮੈਥੋਂ ਕੁਝ ਵੀ ਕਰ ਨ੍ਹੀਂ ਹੁੰਦਾ।

ਚੰਗਾ ਚੰਗਾ ਲਗਦਾ ਸਾਨੂੰ ਇਕ-ਦੂਜੇ ਦੇ ਦਿਲ ਵਿਚ ਰਹਿਣਾ,
ਇੱਟਾਂ ਦੇ ਵੀ ਘਰ ਹੁੰਦੇ ਪਰ, ਦਿਲ ਵਰਗਾ ਕੋਈ ਘਰ ਨ੍ਹੀਂ ਹੁੰਦਾ।

ਮਰਨਾ ਸੌਖਾ, ਵਿਛੜਨ ਔਖਾ, ਮਾਰ ਜੁਦਾਈ ਸਹਿਣੀ ਪੈਂਦੀ,
ਇੰਤਜ਼ਾਰ ਵਿਚ ਜੀ ਲੈਂਦੇ ਹਾਂ, ਤੇਰੇ ਬਾਝੋਂ ਮਰ ਨ੍ਹੀਂ ਹੁੰਦਾ।

ਮਾਹੀ ਮੇਰਾ ਕੋਲ ਨਹੀਂ ਹੈ, ਮੈਂ ਫਿਰ ਕੀਹਨੂੰ ਦੱਸਾਂ ਰੋ ਕੇ,
ਮਾਰ ਕੇ ਭੁੱਬਾਂ ਦਿਲ ਰੋਂਦਾ ਹੈ, ਪਰ ਅੱਖੀਆਂ ਤੋਂ ਵਰ੍ਹ ਨ੍ਹੀਂ ਹੁੰਦਾ।

ਜੇ ਦਿਲ ਵਿਚ ਹੋਵੇ ਤਾਂਘ ਸੱਜਣ ਦੀ, ਆਪੇ ਰੱਬ ਮਿਲਾ ਦੇਂਦਾ ਹੈ,
ਰੱਬ ਜੇ ਹੋਵੇ ਨਾਲ 'ਗ਼ਜ਼ਲ' ਤਾਂ ਫੇਰ ਕਿਸੇ ਦਾ ਡਰ ਨ੍ਹੀਂ ਹੁੰਦਾ।



## ਹਿਜਰ ਦੀ ਭੱਠ ਤਾਵਾਂਗੇ ਤੇਰੇ ਤੁਰ ਜਾਣ ਦੇ ਮਗਰੋਂ

ਹਿਜਰ ਦੀ ਭੱਠ ਤਾਵਾਂਗੇ ਤੇਰੇ ਤੁਰ ਜਾਣ ਦੇ ਮਗਰੋਂ।
ਕਿ ਅਪਣਾ ਦਿਲ ਜਲਾਵਾਂਗੇ ਤੇਰੇ ਤੁਰ ਜਾਣ ਦੇ ਮਗਰੋਂ।

ਹੈ ਲੰਮੀ ਵਾਟ ਇਸ਼ਕੇ ਦੀ ਤੇ ਤੁਰਨਾ ਵੀ ਹੈ, ਮਰਨਾ ਵੀ,
ਕਿਵੇਂ ਇਹ ਪੰਧ ਮੁਕਾਵਾਂਗੇ ਤੇਰੇ ਤੁਰ ਜਾਣ ਦੇ ਮਗਰੋਂ?

ਤੇਰੇ ਬਿਨ ਜੀਅ ਨਹੀਂ ਹੋਣਾ, ਤੇਰੇ ਬਿਨ ਮਰ ਨਹੀਂ ਹੋਣਾ,
ਹਿਜਰ ਦਾ ਜ਼ਹਿਰ ਖਾਵਾਂਗੇ ਤੇਰੇ ਤੁਰ ਜਾਣ ਦੇ ਮਗਰੋਂ।

ਤੂੰ ਆ ਕੇ ਵੇਖ ਲਈਂ ਇਹਨਾਂ ਮੇਰੀ ਹਸਤੀ ਡੁਬੋ ਦੇਣੀ,
ਬੜੇ ਹੰਝੂ ਵਹਾਵਾਂਗੇ ਤੇਰੇ ਤੁਰ ਜਾਣ ਦੇ ਮਗਰੋਂ।

ਕਿਸੇ ਨਾ ਉਡੀਕਣਾ ਤੈਨੂੰ, ਕਿਸੇ ਫਿਰ ਯਾਦ ਨ੍ਹੀਂ ਕਰਨਾ,
ਚਲੇ ਦੁਨੀਆ ਤੋਂ ਜਾਵਾਗੇ ਤੇਰੇ ਤੁਰ ਜਾਣ ਦੇ ਮਗਰੋਂ।

ਬੜਾ ਔਖਾ ਹੈ ਭੁੱਲ ਜਾਣਾ ਵੇ ਸੱਜਣਾ ਪਿਆਰ ਪਹਿਲੇ ਨੂੰ,
ਕਿਵੇਂ ਤੈਨੂੰ ਭੁਲਾਵਾਂਗੇ ਤੇਰੇ ਤੁਰ ਜਾਣ ਦੇ ਮਗਰੋਂ।

ਕਹਾਣੀ ਛੇੜ ਬਿਰਹਾਂ ਦੀ ਗ਼ਜ਼ਲ ਦਰਦਾਂ ਭਰੀ ਕਹਿ ਕੇ,
ਗ਼ਮਾਂ ਦੇ ਗੀਤ ਗਾਵਾਂਗੇ ਤੇਰੇ ਤੁਰ ਜਾਣ ਦੇ ਮਗਰੋਂ।

## ਦੁਨੀਆ ਤੋਂ ਕੂਚ ਕਰ ਗਿਆ ਤੇਰੀ ਉਡੀਕ ਵਿੱਚ

ਦੁਨੀਆ ਤੋਂ ਕੂਚ ਕਰ ਗਿਆ ਤੇਰੀ ਉਡੀਕ ਵਿੱਚ।
ਇਕ ਘਰ ਤੋਂ ਦੂਜੇ ਘਰ ਗਿਆ ਤੇਰੀ ਉਡੀਕ ਵਿੱਚ।

ਮਰਦਾ ਹੈ ਕੌਣ ਦੋਸਤਾ ਦੂਜੇ ਦੇ ਵਾਸਤੇ?
ਉਹ ਪਿਆਰ ਸੀ ਜੋ ਮਰ ਗਿਆ ਤੇਰੀ ਉਡੀਕ ਵਿੱਚ।

ਨਦੀਆਂ ਨੂੰ ਦੋਸ਼ ਦੇਣਾ ਹੀ ਹੁਣ ਬਾਕੀ ਰਹਿ ਗਿਆ,
ਮਿੱਟੀ ਦਾ ਬਾਵਾ ਖਰ ਗਿਆ ਤੇਰੀ ਉਡੀਕ ਵਿੱਚ।

ਲੱਭੇਂਗਾ ਦੱਸ ਕਿਸ ਤਰ੍ਹਾਂ ਤੂੰ ਮਾਂ ਦਾ ਓਹੀ ਰੂਪ?
ਜੋ ਸਾਗਰਾਂ ਨੂੰ ਤਰ ਗਿਆ ਤੇਰੀ ਉਡੀਕ ਵਿੱਚ।

ਦੱਸਿਆ ਗਿਆ ਸੀ ਓਸ ਨੂੰ ਤੂੰ ਹੈਂ ਨਦੀ ਦਾ ਨੀਰ,
ਪਾਣੀ ਦੇ ਵਿੱਚ ਹੀ ਠਰ ਗਿਆ ਤੇਰੀ ਉਡੀਕ ਵਿੱਚ।

ਆਸ਼ਿਕ ਸੀ ਉਹ ਕਲਾ ਦਾ ਤੇ ਨਾਲੇ ਸੀ ਦੇਵਤਾ,
ਦੇ ਕੇ ਗ਼ਜ਼ਲ ਨੂੰ ਵਰ ਗਿਆ ਤੇਰੀ ਉਡੀਕ ਵਿੱਚ।



## ਹਸਦਿਆਂ ਨੂੰ ਮਿਲਦੀਆਂ ਨੇ ਮੰਜ਼ਲਾਂ

ਹਸਦਿਆਂ ਨੂੰ ਮਿਲਦੀਆਂ ਨੇ ਮੰਜ਼ਲਾਂ।
ਰੋਣ ਤੇ ਹੱਲ ਹੁੰਦੀਆਂ ਨਾ ਮੁਸ਼ਕਲਾਂ।

ਪਿੰਡ ਦੀਆਂ ਸੱਥਾਂ, ਤ੍ਰਿਞਣ ਸਾਉਣ ਦਾ,
ਇਹ ਕਦੋਂ ਹੁਣ ਜੁੜਦੀਆਂ ਨੇ ਮਹਿਫ਼ਲਾਂ।

ਫੂਕਦੇ ਹੋ ਕਿਸ ਲਈ ਇਸ ਬਾਗ਼ ਨੂੰ,
ਕੀ ਗੁਆਇਆ ਹੈ ਤੁਹਾਡਾ ਬੁਲਬੁਲਾਂ?

ਡੋਲ ਨਾ ਜਾਵਾਂ ਮੈਂ ਤੇਰੇ ਜਾਣ ਤੇ,
ਠਹਿਰ! ਤੈਨੂੰ ਨਜ਼ਰ ਭਰ ਕੇ ਵੇਖ ਲਾਂ।

ਫਿਰ ਕਿਉਂ ਇਹਨਾਂ ਦੇ ਸੰਗ ਹੈ ਦੁਸ਼ਮਣੀ?
ਜ਼ਿੰਦਗੀ ਦਿੱਤੀ ਹੈ ਸਭ ਨੂੰ ਜੰਗਲਾਂ।

ਟੁੱਟਿਆ ਬੇਹੋਸ਼ੀਆਂ ਦਾ ਕਹਿਰ ਫਿਰ,
ਤੂੰ ਜੁਦਾ ਹੋਇਆ ਤਾਂ ਪਈਆਂ ਦੰਦਲਾਂ।

ਆਪਣਿਆਂ ਦੀ ਥਾਂ ਲਈ ਬੇਗਾਨਿਆਂ,
ਫੁੱਫੜਾਂ-ਭੂਆਂ ਦੀ ਆਂਟੀ-ਅੰਕਲਾਂ।

ਲੋਕ ਤਾਂ ਚੰਗੇ ਵੀ ਨੇ, ਮਾੜੇ ਵੀ ਨੇ,
ਸਭ ਬਰਾਬਰ ਹੁੰਦੀਆਂ ਨਾ ਉਂਗਲਾਂ।

ਅਟਕਲਾਂ ਨਿਤ ਰੋਕਿਆ ਰਾਹ ਇਸ਼ਕ ਦਾ,
ਇਸ਼ਕ ਨੇ ਕਦ ਵੇਖੀਆਂ ਨੇ ਅਟਕਲਾਂ।

## ਮੈਂ ਜਦ ਰੋਈ ਹੰਝੂ ਬਣ ਕੇ ਦਰਿਆ ਵਾਂਗਰ ਵਹਿ ਜਾਵਾਂਗੀ

ਮੈਂ ਜਦ ਰੋਈ ਹੰਝੂ ਬਣ ਕੇ ਦਰਿਆ ਵਾਂਗਰ ਵਹਿ ਜਾਵਾਂਗੀ,
ਤੇਰੇ ਕੋਲ ਦਿਲ ਦੇ ਅੰਦਰ ਪਰ ਮੈਂ ਧੜਕਣ ਬਣ ਕੇ ਰਹਿ ਜਾਵਾਂਗੀ।

ਲੱਖਾਂ ਜਿੰਦਰੇ ਮਾਰ ਤੂੰ ਭਾਵੇਂ ਸਚ ਨੇ ਪ੍ਰਗਟ ਹੋ ਜਾਣਾ ਹੈ,
ਤੂੰ ਸਚ ਮੇਰਾ, ਮੈਂ ਸਚ ਤੇਰਾ, ਮਰਦੀ ਮਰਦੀ ਕਹਿ ਜਾਵਾਂਗੀ।

ਮੈਂ ਜੋ ਪਾਲੇ, ਦਿਲ ਸੀ ਕਾਲੇ, ਕਾਲੀ ਕਰ ਗਏ ਮੈਨੂੰ ਨਾਲੇ,
ਅਪਣੇ ਗੋਰੇ ਮੁਖੜੇ ਉੱਤੇ ਕਾਲਖ ਕਿੱਦਾਂ ਸਹਿ ਜਾਵਾਂਗੀ?

ਇੱਕ ਜ਼ਮਾਨਾ ਐਸਾ ਆਉਣਾ, ਮੇਰੀ ਛਿੱਟ ਨੂੰ ਜਦ ਤਰਸੇਂਗਾ,
ਮੈਂ ਜਦ ਮੋਈ, ਬੱਦਲੀ ਬਣ ਕੇ ਅੰਬਰਾਂ ਉੱਤੇ ਬਹਿ ਜਾਵਾਂਗੀ।

ਤੇਰੇ ਦਿਲ ਦੇ ਮੰਦਰ ਅੰਦਰ ਮੈਂ ਸੋਨੇ ਦੀ ਮੂਰਤ ਬਣ ਜਾਂ,
ਭੀੜ ਹੋਏਗੀ ਭਗਤ-ਜਨਾਂ ਦੀ, ਫਿਰ ਵੀ ਕੱਲ੍ਹੀ ਰਹਿ ਜਾਵਾਂਗੀ।

ਠੰਡ ਪੈ ਜਾਣੀ ਤੇਰੇ ਕਾਲਜੇ, ਅੱਖਾਂ ਵੀ ਸ਼ਰਸ਼ਾਰ ਹੋਣੀਆਂ,
ਇੱਕ ਹਵਾ ਦਾ ਬੁੱਲਾ ਬਣ ਕੇ ਨਾਲ ਤੇਰੇ ਜਦ ਖਹਿ ਜਾਵਾਂਗੀ।



## ਜੋ ਮੇਰਾ ਹੋ ਕੇ ਰਹਿ ਜਾਏ, ਕੋਈ ਐਸਾ ਨਹੀਂ ਮਿਲਦਾ

ਜੋ ਮੇਰਾ ਹੋ ਕੇ ਰਹਿ ਜਾਏ, ਕੋਈ ਐਸਾ ਨਹੀਂ ਮਿਲਦਾ।
ਮੇਰੇ ਦਿਲ ਵਿੱਚ ਜਗ੍ਹਾ ਪਾਏ, ਕੋਈ ਐਸਾ ਨਹੀਂ ਮਿਲਦਾ।

ਸਮੁੰਦਰ ਨਾਪ ਲਏ ਲੋਕਾਂ, ਗਗਨ ਵੀ ਗਾਹ ਲਏ ਸਾਰੇ,
ਮੇਰੇ ਦਿਲ ਦੀ ਜੋ ਥਾਹ ਪਏ, ਕੋਈ ਐਸਾ ਨਹੀਂ ਮਿਲਦਾ।

ਕੋਈ ਮੋਹਰਾਂ ਲਿਆਉਂਦਾ ਹੈ, ਕੋਈ ਗਹਿਣੇ, ਕੋਈ ਤੋਹਫੇ,
ਜੋ ਧੁਰ ਤੀਕਰ ਨਿਭਾ ਜਾਏ, ਕੋਈ ਐਸਾ ਨਹੀਂ ਮਿਲਦਾ।

ਜੇ ਹੱਸਾਂ ਹੱਸ ਪਵੇ ਉਹ ਵੀ, ਜੇ ਰੋਵਾਂ ਰੋ ਪਵੇ ਉਹ ਵੀ,
ਮਰਾਂ ਤਾਂ ਨਾਲ ਮਰ ਜਾਏ, ਕੋਈ ਐਸਾ ਨਹੀਂ ਮਿਲਦਾ।

ਕੋਈ ਐਸਾ ਮਿਲੇ ਜਿਸਦਾ ਮੇਰੇ ਸਾਹਾਂ 'ਚ ਸਾਹ ਹੋਵੇ,
ਮੈਂ ਤੜ੍ਹਪਾਂ ਤਾਂ ਕਹੇ ਹਾਏ, ਕੋਈ ਐਸਾ ਨਹੀਂ ਮਿਲਦਾ।

ਮੇਰੀ ਮੁਸਕਾਨ ਦੀ ਸਚਮੁਚ ਹੀ ਸਭ ਤਾਰੀਫ ਕਰਦੇ ਨੇ,
ਗ਼ਜ਼ਲ ਰੋਂਦੀ ਨੂੰ ਗ਼ਲ਼ ਲਾਏ, ਕੋਈ ਐਸਾ ਨਹੀਂ ਮਿਲਦਾ।

## ਬੇਵਫਾ! ਸਾਨੂੰ ਅਸਾਡੇ ਹਾਲ ਤੇ ਹੀ ਰਹਿਣ ਦੇ

ਬੇਵਫਾ! ਸਾਨੂੰ ਅਸਾਡੇ ਹਾਲ ਤੇ ਹੀ ਰਹਿਣ ਦੇ।
ਇਹ ਛਮਾ-ਛਮ ਅੱਥਰੂ ਵਹਿੰਦੇ ਨੇ ਜੇ ਤਾਂ ਵਹਿਣ ਦੇ।

ਆਦਿ ਤੋਂ ਲੈ ਅੰਤ ਤੱਕ ਨਿਭਦੀ ਰਹੀ ਹਾਂ ਓਸ ਨਾਲ,
ਬੇਵਫ਼ਾ ਮੈਂ ਹਾਂ ਨਹੀਂ, ਦੁਨੀਆਂ ਜੋ ਕਹਿੰਦੀ ਕਹਿਣ ਦੇ।

ਮੈਂ ਕਿਉਂ ਹੰਝੂ ਵਹਾਵਾਂ? ਉਹ ਨਹੀਂ ਤਾਂ ਨਾ ਸਹੀ,
ਸੁਣ ਦਿਲਾ! ਕਰ ਹੌਂਸਲਾ, ਨਾ ਕਰ ਉਡੀਕਾਂ, ਰਹਿਣ ਦੇ।

ਬਹੁਤ ਚਿਰ ਚੱਲੀ ਹਾਂ ਤੇਰੇ ਨਾਂ ਦਾ ਚੁੱਕ ਕੇ ਭਾਰ ਮੈਂ,
ਨਾ ਮੇਰੇ ਤੋਂ ਨਾਂ ਤੇਰਾ ਲਹਿੰਦਾ ਏ ਹੁਣ ਤਾਂ ਲਹਿਣ ਦੇ।

ਤੁਰ ਗਏ ਨੇ ਛੱਡ ਕੇ ਮਿਸਰੇ, ਰਦੀਫ਼ਾਂ, ਕਾਫ਼ੀਏ,
ਤੁਰ ਪਿਆ ਮਹਿਬੂਬ ਵੀ, ਢਹਿੰਦੀ ਗ਼ਜ਼ਲ ਤਾਂ ਢਹਿਣ ਦੇ।

ਆਖਦੇ ਨੇ ਲੋਕ ਤਾਂ ਝੱਲੀ ਕੁੜੀ 'ਕੁਲਜੀਤ' ਨੂੰ,
ਪਿਆਰ ਵਿਚ ਮਦਹੋਸ਼ ਮੈਂ. ਇਹਨਾਂ ਨੂੰ ਝੱਲੀ ਕਹਿਣ ਦੇ।



## ਦਿਲ ਕਹਿੰਦਾ ਹੈ ਤੇਰੇ ਦੇਸ਼ ਨੂੰ ਜਾਂਦੀ 'ਵਾ ਦਾ ਹਾਣੀ ਹੋ ਜਾਂ

ਦਿਲ ਕਹਿੰਦਾ ਹੈ ਤੇਰੇ ਦੇਸ਼ ਨੂੰ ਜਾਂਦੀ 'ਵਾ ਦਾ ਹਾਣੀ ਹੋ ਜਾਂ।
ਤਰ ਕੇ ਆਵਾਂ ਸੱਤ ਸਮੁੰਦਰ, ਪਾਣੀ ਦੇ ਸੰਗ ਪਾਣੀ ਹੋ ਜਾਂ।

ਅੱਖੀਓਂ ਦੂਰ ਜਦੋਂ ਤੂੰ ਹੋਵੇਂ, ਰੋਵਾਂ 'ਤੇ ਕੁਰਲਾਵਾਂ ਮੈਂ ਪਰ,
ਤੇਰੀ ਅੱਖ ਵਿੱਚ ਅੱਖ ਜਿਉਂ ਪਾਵਾਂ ਤਾਂ ਮੈਂ ਪਾਣੀ-ਪਾਣੀ ਹੋ ਜਾਂ।

ਉਮਰਾਂ ਦੀ ਮੁੱਕ ਜਾਵੇ ਭਟਕਣ, ਜਨਮ-ਜਨਮ ਦੀ ਭੁੱਖ ਲਹਿ ਜਾਵੇ,
ਤੇਰਾ ਦਿਲ ਮੇਰਾ ਹੋ ਜਾਵੇ, ਮੈਂ ਉਸ ਦਿਲ ਦੀ ਰਾਣੀ ਹੋ ਜਾਂ।

ਤੂੰ ਅਗਨੀ ਤੇ ਮੈਂ ਪਰਵਾਨਾ, ਤੇਰੇ ਤੱਕ ਦਾ ਸਫ਼ਰ ਹੈ ਮੇਰਾ,
ਤੇਰੇ ਨਾਲ ਮਿਲਣ ਹੋ ਜਾਵੇ, ਤੇ ਫਿਰ ਖ਼ਤਮ ਕਹਾਣੀ ਹੋ ਜਾਂ।

ਪਿਆਰ ਦਾ ਰਸਤਾ ਪਥਰੀਲਾ ਹੈ, ਸ਼ੀਸ਼ੇ ਵਾਂਗੂ ਤਿੜਕ ਨਾ ਜਾਵੀਂ,
ਹੀਰੇ ਵਾਂਗੂ ਪੱਕਾ ਹੋ ਜਾ, ਮੈਂ ਵੀ ਹੋਰ ਸਿਆਣੀ ਹੋ ਜਾਂ।

ਤੇਰੀ ਛੋਹ ਦੇ ਨਾਲ ਪਵਿੱਤਰ ਹੋ ਜਾਏ ਅੱਖਰ ਅੱਖਰ ਮੇਰਾ,
ਹੱਕ 'ਤੇ ਸੱਚ ਦੀ ਗੱਲ ਕਰਾਂ ਮੈਂ, ਉੱਚੀ-ਸੁੱਚੀ ਬਾਣੀ ਹੋ ਜਾਂ।

ਰੱਬ ਕਰਕੇ ਜੇ ਐਸਾ ਹੋਵੇ, ਮੇਰੀ ਕੱਟੀ ਜਾਏ ਚੁਰਾਸੀ,
ਮਾਹੀ ਦੇ ਤਨ ਹੰਢਣ ਲਈ ਮੈਂ, ਰੇਸ਼ਮ ਦੀ ਤੰਦ-ਤਾਣੀ ਹੋ ਜਾਂ।

## ਨਾ ਕੋਈ ਦਿਲਰੁਬਾ ਬਣਦਾ ਜੋ ਦਿਲ ਨੂੰ ਆਸਰਾ ਦੇਵੇ

ਨਾ ਕੋਈ ਦਿਲਰੁਬਾ ਬਣਦਾ ਜੋ ਦਿਲ ਨੂੰ ਆਸਰਾ ਦੇਵੇ।
ਨਾ ਕੋਈ ਰਾਹਨੁਮਾ ਬਣਕੇ ਸਫਰ ਵਿੱਚ ਹੌਂਸਲਾ ਦੇਵੇ।

ਉਹੀ ਦਿਲਬਰ, ਓਹੀ ਮਿੱਤਰ, ਓਹੀ ਹੀ ਆਸ਼ਕ ਸਹੀ ਹੁੰਦਾ,
ਜੋ ਮੁਸ਼ਕਿਲ ਪੈਣ ’ਤੇ ਜੀ-ਜਾਨ ਦੀ ਬਾਜ਼ੀ ਲਗਾ ਦੇਵੇ।

ਤਨੋਂ ਥੱਕੇ, ਮਨੋਂ ਅੱਕੇ, ਦਿਲੋਂ ਟੁੱਟੇ ’ਤੇ ਰੂਹ ਜ਼ਖ਼ਮੀ,
ਮਹੁੱਬਤ ਦੇ ਮਰੀਜ਼ਾਂ ਨੂੰ ਕੋਈ ਚੱਜ ਦੀ ਦਵਾ ਦੇਵੇ।

ਉਹ ਤੁਰ ਪੈਂਦਾ ਵਲਾਇਤ ਨੂੰ ਸਦਾ ਸੂਲੀ ਚੜ੍ਹਾ ਮੈਨੂੰ,
ਪਤਾ ਨ੍ਹੀਂ ਜੁਲਮ ਕਿਹੜੇ ਦੀ ਸਜਣ ਮੈਨੂੰ ਸਜ਼ਾ ਦੇਵੇ।

ਗ਼ਮਾਂ ਦਾ ਬਾਲ ਕੇ ਭੁੱਘਾ, ਤੇ ਸਾਰੀ ਰਾਤ ਰੋਂਦੇ ਹਾਂ,
ਵਿਛੋੜਾ ਹੈ ਬੁਰਾ ਤੇਰਾ, ਬਲੀ ਅੱਗ ਨੂੰ ਹਵਾ ਦੇਵੇ।

ਕਹੋ ਰੱਬ ਨੂੰ ਕਿ ਵੰਡ ਪਾਵੇ, ਤੇ ਸਾਂਭੇ ਗਾਨੀਆਂ ਮਣਕੇ,
ਮੇਰੇ ਹਿੱਸੇ ਦਾ ਇਕ ਮੋਤੀ ਮੇਰੇ ਨਾਵੇਂ ਲਵਾ ਦੇਵੇ।

ਬੜੇ ਹਮਦਮ, ਮੂੰਹੋਂ ਮਿੱਠੇ ਪਿਆਰੇ ਮਿਲਣਗੇ ਤੈਨੂੰ,
‘ਗ਼ਜ਼ਲ’ ਵਰਗੇ ਨਹੀਂ ਹੋਣੇ ਜੋ ਤਨ-ਮਨ-ਧਨ ਲੁਟਾ ਦੇਵੇ।



## ਜਿਸ ਦੇ ਸੀਨੇ ਦਿਲ ਦੇ ਵਾਂਗੂ ਧੜਕਦੀ ਕੁਦਰਤ ਨਹੀਂ

ਜਿਸ ਦੇ ਸੀਨੇ ਦਿਲ ਦੇ ਵਾਂਗੂ ਧੜਕਦੀ ਕੁਦਰਤ ਨਹੀਂ।
ਉਸ ਦੇ ਮਨ ਵਿੱਚ ਜ਼ਿੰਦਗੀ ਨੂੰ ਜੀਣ ਦੀ ਚਾਹਤ ਨਹੀਂ।

ਇਸ਼ਕ ਮੇਰੀ ਜ਼ਿੰਦਗੀ ਤੇ ਲੋਕ ਮੇਰਾ ਇਸ਼ਕ ਨੇ,
ਮੈਂ ਬਹੁਤ ਖੁਸ਼ ਹਾਂ ਕਿ ਮੈਨੂੰ ਇਸ਼ਕ ਤੋਂ ਫ਼ੁਰਸਤ ਨਹੀਂ।

ਖ਼ੂਨ ਦੇ ਦੀਵੇ ਜਗਾ ਕੇ ਕਰ ਲਿਆ ਚਾਨਣ ਅਸਾਂ,
ਨ੍ਹੇਰ ਵਿੱਚ ਘੁਟ ਘੁਟ ਕੇ ਸਾਨੂੰ ਜੀਣ ਦੀ ਆਦਤ ਨਹੀਂ।

ਜ਼ਿੰਦਗੀ ਹੈ ਇੱਕ ਸਮੁੰਦਰ, ਪੜ੍ਹ ਗਏ ਸੋ ਤਰ ਗਏ,
ਗਿਆਨ ਤੋਂ ਵੱਡੀ ਕੋਈ ਜੀਵਨ ਦੇ ਵਿੱਚ ਦੌਲਤ ਨਹੀਂ।

ਸਾਡਾ ਦੁਸ਼ਮਣ ਅਸਲ ਵਿਚ ਉਹ ਨਾਚ ’ਤੇ ਸੰਗੀਤ ਹੈ,
ਜਿਸਤੇ ਵਿਰਸਾ, ਗੀਤ, ਸਭਿਆਚਾਰ ਦੀ ਰੰਗਤ ਨਹੀਂ।

ਪਿਆਰ ਇਕ ਅਹਿਸਾਸ ਹੈ, ਅਹਿਸਾਸ ਵਿੱਚ ਵੀ ਹੈ ਚਮਕ,
ਇਹ ਹੈ ਇਕ ਅਨਮੋਲ ਮੋਤੀ, ਏਸ ਦੀ ਕੀਮਤ ਨਹੀਂ।

ਕੀ ਪਤਾ ਉਸਨੂੰ ਗ਼ਰੀਬੀ ਕਿਸ ਬਲਾ ਨੂੰ ਆਖਦੇ,
ਜਨਮ ਤੋਂ ਲੈ ਮਰਨ ਤਕ ਵੇਖੀ ਜਿਨ੍ਹੇ ਗੁਰਬਤ ਨਹੀਂ।

ਪਰਬਤਾਂ ਦੇ ਵਾਂਗ ਨੇ ਮਜ਼ਬੂਤ ਜਿਸਦੇ ਹੌਂਸਲੇ,
ਹਾਰ ਜਾਏ ਕੌਮ ਏਨੀ ਜ਼ੁਲਮ ਦੀ ਤਾਕਤ ਨਹੀਂ।

ਇਹ ਬਚਾ ਲੈਂਦੀ ਤੁਫਾਨਾਂ, ਆਫ਼ਤਾਂ ਦੇ ਵਾਰ ਤੋਂ,
ਧਰਤ ਉੱਤੇ ਮਾਂ ਜਿਹਾ ਤਾਂ ਕੋਈ ਵੀ ਪਰਬਤ ਨਹੀਂ।

## ਦਿਲ ਦੀ ਇਸ ਦਰਗਾਹ ਦੇ ਅੰਦਰ ਤੇਰੇ ਨਾਂ ਦਾ ਸਿਮਰਨ ਹੋਵੇ

ਦਿਲ ਦੀ ਇਸ ਦਰਗਾਹ ਦੇ ਅੰਦਰ ਤੇਰੇ ਨਾਂ ਦਾ ਸਿਮਰਨ ਹੋਵੇ।
ਤੁਰ ਜਾਵੇਂ ਤਾਂ ਨੇਰ੍ਹਾ ਹੋਵੇ, ਆ ਜਾਵੇਂ ਤਾਂ ਚਾਨਣ ਹੋਵੇ।

ਜਦ ਵੀ ਮੁੜਿਆ ਪਰਦੇਸੋਂ ਤਾਂ ਕੱਚ ਦੀਆਂ ਵੰਗਾਂ ਲੈ ਕੇ ਆਵੀਂ,
ਜੀਅ ਕਰਦਾ ਹੈ ਮੇਰੀ ਸੁੰਨੀ ਵੀਣੀ ਦੇ ਵਿਚ ਛਣ ਛਣ ਹੋਵੇ।

ਖ਼ੁਦ ਨੂੰ ਅਣਖੀ ਸਾਊ ਕਹਿੰਦੇ, ਦਮੜੀ-ਦਮੜੀ ਵਿਕਦੇ ਜਿਹੜੇ,
ਅਕਲ ਇਨ੍ਹਾਂ ਨੂੰ ਵੀ ਆ ਜਾਵੇ, ਜੇਕਰ ਘਰ ਵਿਚ ਦਰਪਣ ਹੋਵੇ।

ਰਾਤ ਦਿਨੇ ਭਗਤੀ ਕਰ ਭਾਵੇਂ, ਬੇਸ਼ੱਕ ਜੰਗਲਾਂ ਦੇ ਵਿਚ ਬਹਿ ਜਾ,
ਯੋਗ-ਜੁਗਤ ਨੇ ਕੀ ਕਰਨਾ ਫਿਰ, ਦਿਲ ਵਿਚ ਹੀ ਜਦ ਭਟਕਣ ਹੋਵੇ।

ਸੱਜਣਾ ਦੇ ਸੰਗ ਮੇਲੇ ਲੱਗਦੇ, ਯਾਰਾਂ ਨਾਲ ਬਸੰਤਾਂ ਹੁੰਦੀਆਂ,
ਕੀ ਕਰਨੀ ਹੈ ਹੋਲੀ ਜੇ ਨਾ, ਯਾਰ ਦੇ ਰੰਗ ਦਾ ਰੰਗਣ ਹੋਵੇ।

ਛੱਡ ਆ ਦੇਸ਼ ਵਿਦੇਸ਼ਾਂ ਤਾਈਂ, ਐਸੀ ਥਾਂ ਤੇ ਲੈ ਚਲ ਡੇਰਾ,
ਇੱਕ ਤੂੰ ਹੋਵੇਂ, ਇੱਕ ਮੈਂ ਹੋਵਾਂ, ਇੱਕ ਸਾਵਣ ਦੀ ਕਿਣਮਿਣ ਹੋਵੇ।

'ਕੁਲਜੀਤ ਗ਼ਜ਼ਲ' ਫਿਰ ਪੱਤ ਇਸ਼ਕ ਦੀ ਹੋਰ ਵੀ ਦੂਣੀ ਚੌਣੀ ਹੁੰਦੀ,
ਦਿਲ ਦੀ ਹਾਂਡੀ ਵਿਚ ਰਤ ਉਬਲੇ, ਤਨ ਦਾ ਬਦਲਾ ਬਾਲਣ ਹੋਵੇ।



## ਤੁਸੀਂ ਤੁਰਦੇ ਬਣੇ ਆਖ਼ਿਰ ਮੇਰੇ ਦਿਲ ਨੂੰ ਦਗ਼ਾ ਦੇ ਕੇ

ਤੁਸੀਂ ਤੁਰਦੇ ਬਣੇ ਆਖ਼ਿਰ ਮੇਰੇ ਦਿਲ ਨੂੰ ਦਗ਼ਾ ਦੇ ਕੇ।
ਗਏ ਤਾਂ ਫਿਰ ਗਏ ਕਿਹੜੇ ਗੁਨਾਹਾਂ ਦੀ ਸਜ਼ਾ ਦੇ ਕੇ।

ਕਈ ਪੀੜਾਂ , ਕਈ ਹੌਕੇ, ਬੜੇ ਹੰਝੂ ਮਿਲੇ ਮੈਨੂੰ,
ਤੁਹਾਨੂੰ ਕੀ ਹੈ ਮਿਲਿਆ ਮੇਰੀ ਅੱਗ ਤਾਈਂ ਹਵਾ ਦੇ ਕੇ।

ਵਫ਼ਾ ਮੇਰੀ ਦੀ ਚੱਕੀ ਵਿੱਚ ਰਹੇ ਉਹ ਪੀਸਦੇ ਹਰ ਦਮ,
ਉਹ ਮੈਨੂੰ ਹੀ ਮਹੁੱਬਤ ਦਾ ਗਏ ਕੈਸਾ ਸਿਲਾ ਦੇ ਕੇ।

ਇਹ ਲੋਕੀਂ ਤਾਂ ਮੇਰੇ ਸੱਜਣਾ ਦੋਮੂੰਹੇਂ ਨਾਗ ਨੇ ਜ਼ਹਿਰੀ,
ਬਚਾ ਮੈਨੂੰ ਜ਼ਮਾਨੇ ਤੋਂ ਜ਼ਰਾ ਕੁ ਆਸਰਾ ਦੇ ਕੇ।

ਇਹ ਮਿਟ ਜਾਣੇ ਸੀ ਗਮ ਸਾਰੇ ਉਸੇ ਦੇ ਆਸਰੇ ਦਿਲ ਚੋਂ,
ਉਹ ਝੱਲਾ ਆਪ ਨਾ ਰੋਂਦਾ ਜੇ ਮੈਨੂੰ ਹੌਂਸਲਾ ਦੇ ਕੇ।

ਮੈਂ ਆਪੇ ਸਹਿ ਲਵਾਂਗੀ ਹਾਦਸੇ, ਅੰਜਾਮ ਇਸ਼ਕੇ ਦੇ,
ਚਲੇ ਜਾਓ ਮੇਰੇ ਦਿਲ ਨੂੰ ਗ਼ਮਾਂ ਦਾ ਸਿਲਸਿਲਾ ਦੇ ਕੇ।

ਮੇਰੇ ਦਿਲ ਤੇ ਜੋ ਬੀਤੀ ਸੀ ਉਹ ਰੱਬ ਜਾਣੇ ਜਾਂ ਮੈਂ ਜਾਣਾਂ;
ਤੁਸੀਂ ਤਾਂ ਤੁਰ ਗਏ ਆਪਣਾ ਅਖ਼ੀਰੀ ਫੈਸਲਾ ਦੇ ਕੇ।

## ਦਫਤਰਾਂ ਵਿਚ ਰੁਲਦੀਆਂ ਨੇ ਡਿਗਰੀਆਂ

ਦਫਤਰਾਂ ਵਿਚ ਰੁਲਦੀਆਂ ਨੇ ਡਿਗਰੀਆਂ।
ਪੈਸਿਆਂ ਲਈ ਵਿਕਦੀਆਂ ਨੇ ਹਸਤੀਆਂ।

ਜਦ ਜਵਾਨੀ ਖਾਕ ਵਿਚ ਹੀ ਰੁਲ ਰਹੀ,
ਫੇਰ ਵੀ ਕਿਉਂ ਸੁਝਦੀਆਂ ਨੇ ਮਸਤੀਆਂ।

ਉਹ ਕਦੇ ਨਾ ਹਾਰਦੀ ਜਿਸ ਕੌਮ ਨੂੰ,
ਜਾਨ ਤੋਂ ਵੀ ਪਿਆਰੀਆਂ ਨੇ ਰਖੜੀਆਂ।

ਅਪਣਿਆਂ ਦਾ ਖੂਨ ਚਿੱਟਾ ਹੋ ਗਿਆ,
ਹਰ ਕਿਸੇ ਦੇ ਦਿਲ ’ਤੇ ਜੰਮੀਆਂ ਖੁਸ਼ਕੀਆਂ।

ਮਾਰ ਹੀ ਖਾਂਦੇ ਰਹੇ ਹਰ ਮੋੜ ’ਤੇ,
ਗਈਆਂ ਨਾ ਸਾਥੋਂ ਵਫ਼ਾਵਾਂ ਪਰਖੀਆਂ।

ਲੋਭ, ਮੋਹ, ਹੰਕਾਰ ਮਾਰੀ ਧਰਤ ’ਤੇ,
ਮੌਤ ਮਹਿੰਗੀ ਹੈ ’ਤੇ ਜਿੰਦਾਂ ਸਸਤੀਆਂ।

ਤੁਰ ਗਿਓਂ ਪਰਦੇਸ ਨੂੰ ਦਿਲ ਤੋੜ ਕੇ,
ਖਾ ਲਿਆ ਤੈਨੂੰ ਪਰਾਈਆਂ ਧਰਤੀਆਂ।

ਸ਼ਹਿਰ ਤੇਰੇ ਹਰ ਗਲੀ ਹਰ ਮੋੜ ’ਤੇ,
ਨਾਗ ਬੈਠੇ ਨੇ ਬਣਾ ਕੇ ਵਰਮੀਆਂ।

ਮਾਰਿਆ ਮੈਨੂੰ ਸਮਰਪਣ ਭਾਵਨਾ,
ਮਾਰਿਆ ਤੈਨੂੰ ਇਵੇਂ ਖ਼ੁਦਗਰਜ਼ੀਆਂ।

ਮਾਸੀਆਂ ਭੈਣਾਂ ਨੂੰ ਤਰਸੋਗੇ ਤੁਸੀਂ,
ਇਸ ਕਦਰ ਦੁਰਕਾਰੀਆਂ ਜੇ ਲੜਕੀਆਂ।



## ਧੁੱਪ ਚੰਗੀ ਨਾ ਉਹਦੇ ਬਾਝੋਂ ਛਾਂ ਚੰਗੀ

ਧੁੱਪ ਚੰਗੀ ਨਾ ਉਹਦੇ ਬਾਝੋਂ ਛਾਂ ਚੰਗੀ।
ਜਿੱਥੇ ਸੋਹਣਾ ਵੱਸੇ ਉਹੀਓ ਥਾਂ ਚੰਗੀ।

ਜਿਸਦੀ ਕੁੱਖੋਂ ਜਨਮ ਲਿਆ ਮਾਸ਼ੂਕ ਮੇਰੇ,
ਅਪਣੀ ਮਾਂ ਤੋਂ ਲਗਦੀ ਉਸਦੀ ਮਾਂ ਚੰਗੀ।

ਪੌਂਡਾ ਦੇ ਵਿਚ ਆ ਕੇ ਤੂੰ ਤਾਂ ਬਦਲ ਗਿਓਂ,
ਹੁਣ ਵੀ ਚੰਗੀ ਮੈਂ, ਉਦੋਂ ਵੀ ਸਾਂ ਚੰਗੀ।

ਸੱਤ ਸਮੁੰਦਰ ਤਰ ਕੇ ਆਵੇ ਯਾਦ ਤੇਰੀ,
ਤੇਰੇ ਤੋਂ ਤਾਂ ਸੱਜਣਾ ਲੱਖ ਗੁਣਾ ਚੰਗੀ।

ਹਿਜਰ ਤੇਰੇ ਵਿੱਚ ਰੱਤੀ-ਰੱਤੀ ਜਿਸਮ ਹੋਇਆ,
ਚਿੱਠੀਆਂ ਦੇ ਵਿਚ ਹਾਲਤ ਕਿੰਞ ਲਿਖਾਂ ਚੰਗੀ।

ਨਾ-ਨਾ ਅਪਣੀ ਸਾਂਭੀ ਰੱਖ ਤੂੰ ਗ਼ੈਰਾਂ ਲਈ,
‘ਗ਼ਜ਼ਲ’ ਤੇਰੀ ਨੂੰ ਲਗਦੀ ਤੇਰੀ ਹਾਂ ਚੰਗੀ।

## ਕਿਸੇ ਦਿਲਦਾਰ ਨੂੰ ਦਿਲ ਵਿਚ ਵਸਾ ਲੈਂਦੇ ਤਾਂ ਚੰਗਾ ਸੀ

ਕਿਸੇ ਦਿਲਦਾਰ ਨੂੰ ਦਿਲ ਵਿਚ ਵਸਾ ਲੈਂਦੇ ਤਾਂ ਚੰਗਾ ਸੀ।
ਕਿ ਮਾਰਥੂਲ 'ਚ ਕੋਈ ਫੁੱਲ ਮਹਿਕਾ ਲੈਂਦੇ ਤਾਂ ਚੰਗਾ ਸੀ।

ਬੜੇ ਫਿਰਦੇ ਸੀ ਦਿਲ ਲੈ ਕੇ, ਅਸਾਂ ਨੂੰ ਦੇਣ ਲਈ ਐਪਰ,
ਕਿਸੇ ਇਕ ਦੀ ਤਲੀ ਤੋਂ ਦਿਲ ਉਠਾ ਲੈਂਦੇ ਤਾਂ ਚੰਗਾ ਸੀ।

ਸਦਾ ਲਈ ਹੋ ਗਿਆ ਭਾਰੂ ਹਿਜਰ ਦਾ ਰੋਗ ਸਾਡੇ 'ਤੇ,
ਸ਼ੁਰੂ ਵਿਚ ਹੀ ਕੋਈ ਚੰਗੀ ਦਵਾ ਲੈਂਦੇ ਤਾਂ ਚੰਗਾ ਸੀ।

ਜਵਾਨੀ ਖੋਰ ਲਈ ਜਿੰਨ੍ਹਾਂ ਵਫ਼ਾ ਦੀ ਭਾਲ ਵਿੱਚ ਐਂਵੇ,
ਉਹ ਭੌਰਾਂ ਵਾਂਗ ਹਰ ਫੁੱਲ ਦਾ ਮਜ਼ਾ ਲੈਂਦੇ ਤਾਂ ਚੰਗਾ ਸੀ।

ਬਹਾਰਾਂ ਆ ਕੇ ਤੁਰ ਗਈਆਂ ਨਾ ਜਾਗੇ ਨੀਂਦ 'ਚੋਂ ਭੌਰੇ,
ਉਹ ਮੁਰਝਾਏ ਹੋਏ ਫੁੱਲ ਹੀ ਹੰਢਾ ਲੈਂਦੇ ਤਾਂ ਚੰਗਾ ਸੀ।

ਉਨ੍ਹਾਂ ਕੀ ਪਿਆਰ ਕਰਨਾ ਸੀ, ਜੋ ਡਰਦੇ ਸੀ ਜ਼ਮਾਨੇ ਤੋਂ,
ਕਦੇ ਤਾਂ ਦਿਲ ਦਿਵਾਨੇ ਦੀ ਪੁਗਾ ਲੈਂਦੇ ਤਾਂ ਚੰਗਾ ਸੀ।

ਬੜਾ ਪਛਤਾਉਣਗੇ ਆਸ਼ਕ, ਹੁਸਨ ਦੀ ਬੇਵਫ਼ਾਈ ਤੋਂ,
'ਗ਼ਜ਼ਲ' ਵਰਗੀ ਕੁੜੀ ਸੰਗ ਦਿਲ ਵਟਾ ਲੈਂਦੇ ਤਾਂ ਚੰਗਾ ਸੀ।



## ਇਸ਼ਕ ਤੇਰਾ ਇਕ ਨਸ਼ਾ ਜਾਂ ਜ਼ਹਿਰ ਹੈ

ਇਸ਼ਕ ਤੇਰਾ ਇਕ ਨਸ਼ਾ ਜਾਂ ਜ਼ਹਿਰ ਹੈ।
ਸਿਰ ਮੇਰੇ ਬੇਹੋਸ਼ੀਆਂ ਦਾ ਕਹਿਰ ਹੈ।

ਜਿਸ ਤਰ੍ਹਾਂ ਨੇ ਨੈਣ ਮੇਰੇ ਬਿਨ ਤੇਰੇ,
ਇਸ ਤਰ੍ਹਾਂ ਸੁੰਨਸਾਨ ਤੇਰਾ ਸ਼ਹਿਰ ਹੈ।

ਸ਼ਾਮ ਨੂੰ ਮੁੜਿਆ ਤਾਂ ਖੰਡਰ ਹੋਣਗੇ,
ਆ ਕਿ ਜੋਬਨ ਦੀ ਅਜੇ ਦੁਪਹਿਰ ਹੈ।

ਗ਼ਮ ਹੀ ਗ਼ਮ ਅੰਦਰ ਤੇ ਮੁਖ ਤੇ ਰੌਣਕਾਂ,
ਵੇਖ ਸਾਡੇ ਦਿਲ 'ਚ ਕਿੰਨੀ ਗਹਿਰ ਹੈ।

ਤਰਸਦੇ ਨੇ ਨੈਣ ਉਸਦੀ ਦੀਦ ਨੂੰ,
ਕੀ ਪਤਾ ਕਿੱਥੇ ਕੁ ਉਸਦੀ ਠਹਿਰ ਹੈ।

ਹਰ ਤਰਫ਼ ਨੇ ਲੋਕ ਹੁਣ ਸੱਪਾਂ ਜਿਹੇ,
ਹਰ ਤਰਫ਼ ਘੁਲਿਆ ਫਿਜ਼ਾ ਵਿਚ ਜ਼ਹਿਰ ਹੈ।

ਮਨ ਮੇਰਾ ਲਾਉਂਦਾ ਉਡਾਰੀ ਅੰਬਰੀਂ,
ਅੰਬਰਾਂ ਦੀ ਮਾਪਦਾ ਇਹ ਗਹਿਰ ਹੈ।

ਤਰਸਦੀ ਹਰ ਸਤਰ ਤੇਰੀ ਕੈਦ ਨੂੰ,
ਬਿਨ ਤੇਰੇ ਤੇਰੀ 'ਗ਼ਜ਼ਲ' ਬੇ-ਬਹਿਰ ਹੈ।

## ਬੇਸ਼ੱਕ ਬਦਨਾਮੀ ਨੂੰ ਪੈਣਾ ਜਰਨਾ ਹੈ

ਬੇਸ਼ੱਕ ਬਦਨਾਮੀ ਨੂੰ ਪੈਣਾ ਜਰਨਾ ਹੈ।
ਮੇਰੇ ਵਰਗਾ ਪਿਆਰ ਵੀ ਕਿਸਨੇ ਕਰਨਾ ਹੈ।

ਸੀਸ ਤਲੀ ਤੇ ਧਰਕੇ ਆ ਗਈ ਸ਼ਹਿਰ ਤੇਰੇ,
ਫਾਂਸੀ ਫੰਦਿਆਂ ਤੋਂ ਹੁਣ ਕਾਹਦਾ ਡਰਨਾ ਹੈ।

ਡੁੱਬ ਜਾਵੇਂ ਤਾਂ ਕੱਚਿਆਂ ਨੂੰ ਕੀ ਦੋਸ਼ ਭਲਾ?
ਕੱਚਿਆ ਨੇ ਤਾਂ ਆਖ਼ਰ ਸੱਜਣਾ ਖਰਨਾ ਹੈ।

ਮਰਨ ਲਈ ਹੀ ਆਈ ਸਾਗਰ ਤਰ ਕੇ ਮੈਂ,
ਤੇਰੇ ਸ਼ਹਿਰ ’ਚ ਮਰਨਾ ਹੀ ਤਾਂ ਮਰਨਾ ਹੈ।

ਸਾਂਭ ਨਸਹੀਤਾਂ, ਸ਼ਰਤਾਂ, ਘੂਰੀਆਂ, ਝਿੜਕਾਂ ਨੂੰ,
ਮੈਂ ਜੋ ਦਿਲ ਵਿਚ ਆਇਆ ਓਹੀ ਕਰਨਾ ਹੈ।

ਏਸ ‘ਗ਼ਜ਼ਲ’ ਨੂੰ ਐਂਵੇ ਮੈਲੀ ਕਹਿੰਦੇ ਹੋ,
ਇਹ ਤਾਂ ਪਾਕ ਪਵਿੱਤਰ ਇਸ਼ਕ ਦਾ ਝਰਨਾ ਹੈ।



## ਮੈਂ ਆਪਣੇ ਦਿਲ ਦੇ ਜ਼ਖ਼ਮਾਂ ਤੇ ਸਦਾ ਪੱਥਰ ਹੀ ਧਰਿਆ ਹੈ

ਮੈਂ ਆਪਣੇ ਦਿਲ ਦੇ ਜ਼ਖ਼ਮਾਂ ਤੇ ਸਦਾ ਪੱਥਰ ਹੀ ਧਰਿਆ ਹੈ।
ਇਹ ਬੱਦਲ ਪੀੜ ਦਾ ਫਿਰ ਵੀ ਛਰਾਟੇ ਵਾਂਗ ਵਰ੍ਹਿਆ ਹੈ।

ਕਦੇ ਤੂੰ ਵੀ ਇੱਕਲਾ ਬਹਿ ਕੇ ਸੋਚੀਂ ਬੇ-ਵਫਾ ਸੱਜਣਾ।
ਭਲਾ ਤੇਰੀ ਖੁਸ਼ੀ ਖਾਤਿਰ ਅਸੀਂ ਕੀ-ਕੀ ਕਰਿਆ ਹੈ।

ਤੇਰਾ ਮੁਖੜਾ ਬੜਾ ਸੋਹਣਾ, ਮੈਂ ਹਰ ਪਲ ਵੇਖਦੀ ਜਾਵਾਂ,
ਨਾ ਮੇਰੇ ਨੈਣ ਰਜਦੇ ਨੇ, ਨਾ ਮੇਰਾ ਦਿਲ ਹੀ ਭਰਿਆ ਹੈ।

ਕੋਈ ਦੱਸੇ ਭਲਾ ਮੈਨੂੰ ਇਹ ਬ੍ਰਿਹਾ ਚੀਜ਼ ਹੈ ਕੈਸੀ?
ਕਦੇ ਇਹ ਆਸਰਾ ਦੇਵੇ, ਕਦੇ ਜਾਂਦਾ ਨਾ ਜਰਿਆ ਹੈ।

ਬੜਾ ਦਮ ਹੈ ਮਹੁੱਬਤ ਵਿੱਚ ਮੈਂ ਮਰ ਕੇ ਵੀ ਜਿਊਵਾਂਗੀ,
ਕੀ ਹੋਇਆ ਦਰਦ ਭਾਰੇ ਨੇ, ਮੇਰਾ ਦਿਲ ਵੀ ਤਾਂ ਦਰਿਆ ਹੈ।

ਬੜਾ ਭਰਮਾ ਲਿਆ ਤੈਨੂੰ ਵਿਦੇਸ਼ੀ ਡਾਲਰਾਂ-ਪੌਂਡਾਂ,
ਗ਼ਜ਼ਲ ਦੀ ਜ਼ਿੰਦਗੀ ਬਣਦਾ, ਉਹ ਤੈਥੋਂ ਖ਼ਤ ਨਾ ਸਰਿਆ ਹੈ।

## ਪੀ ਲਿਆ ਮੈਂ ਪੀ ਲਿਆ ਗ਼ਮ ਦਾ ਸਮੁੰਦਰ ਪੀ ਲਿਆ

ਪੀ ਲਿਆ ਮੈਂ ਪੀ ਲਿਆ ਗ਼ਮ ਦਾ ਸਮੁੰਦਰ ਪੀ ਲਿਆ।
ਜੀ ਲਿਆ ਮੈਂ ਜੀ ਲਿਆ ਸਾਰੇ ਦਾ ਸਾਰਾ ਜੀ ਲਿਆ।

ਇਸ਼ਕ ਵਿਚ ਬਰਬਾਦ ਹਾਂ, ਘਰ ਦੇ ਰਹੇ ਨਾ ਘਾਟ ਦੇ,
ਲੋਕ ਤਾਹਨੇ ਮਾਰਦੇ, ਆਪਾਂ ਕਿਸੇ ਦਾ ਕੀ ਲਿਆ?

ਜੀਣ ਜੋਗੇ, ਮਰਨ ਜੋਗੇ ਛੱਡਦਾ ਨਾ ਡੱਸ ਕੇ,
ਨਾਗ ਇਸ਼ਕੇ ਦਾ ਕਿਸੇ ਤੋਂ ਵੀ ਨਾ ਜਾਂਦਾ ਕੀਲਿਆ।

ਇਹ ਲੜਾਈ ਜ਼ਿੰਦਗੀ ਦੀ ਮੈਂ ਲੜਾਂਗੀ ਉਮਰ ਭਰ,
ਮੈਂ ਨਹੀਂ ਸੁਕਰਾਤ ਜਿਸਨੇ ਜ਼ਹਿਰ ਹਸ ਕੇ ਪੀ ਲਿਆ।

ਪਿਆਰ ਹੈ ਤਾਂ ਖੋਲ੍ਹ ਕੇ ਦਿਲ, ਕਹਿ ਦਿਓ ਮਹਿਬੂਬ ਨੂੰ,
ਦਿਲ ਦੀ ਦਿਲ ਵਿੱਚ ਹੀ ਰਹੂ ਜੇ ਹੋਂਠਾਂ ਤਾਈਂ ਸੀ ਲਿਆ।



## ਸਮੁੰਦਰ ਵੇਖ ਕੇ ਜੋ ਸ਼ੂਕਦਾ, ਦਿਲ ਹਾਰ ਜਾਂਦੇ ਨੇ

ਸਮੁੰਦਰ ਵੇਖ ਕੇ ਜੋ ਸ਼ੂਕਦਾ, ਦਿਲ ਹਾਰ ਜਾਂਦੇ ਨੇ।
ਕਿਨਾਰੇ ਤੋਂ ਹੀ ਮੁੜ ਆਵਣ, ਕਦੇ ਨਾ ਪਾਰ ਜਾਂਦੇ ਨੇ।

ਮੁੱਕਰ ਜਾਵੇ, ਸੋ ਮਰ ਜਾਵੇ, ਤੇ ਉਸਦਾ ਕੀ ਕਰੇ ਕੋਈ?
ਬਿਨਾਂ ਹਥਿਆਰ ਦੇ ਜਿਹੜੇ ਕਿਸੇ ਨੂੰ ਮਾਰ ਜਾਂਦੇ ਨੇ।

ਨਹੀਨ ਅੱਖਾਂ ਮਿਲਾਉਂਦੇ ਉਹ, ਕਿਸੇ ਦੇ ਮਰਦਿਆਂ ਤੀਕਰ,
ਜੋ ਅਪਣੇ ਯਾਰ ਦੀ ਪਿੱਠ ਉੱਤੇ ਕਰਕੇ ਵਾਰ ਜਾਂਦੇ ਨੇ।

ਜਿਨ੍ਹਾਂ ਨੂੰ ਸ਼ੌਂਕ ਡੁੱਬਣ ਦਾ, ਇਸ਼ਕ ਦੇ ਸਾਗਰਾਂ ਅੰਦਰ,
ਉਹ ਨਾ ਹੀ ਆਰ ਆਉਂਦੇ ਨੇ ’ਤੇ ਨਾ ਹੀ ਪਾਰ ਜਾਂਦੇ ਨੇ।

ਇਹ ਸੁਪਨੇ ਵੀ ਤਾਂ ਹੁੰਦੇ ਨੇ ਕਿਸੇ ਕਿਸਮਤ ਪੁੜੀ ਵਰਗੇ,
ਕਿਸੇ ਨੂੰ ਡੋਬ ਜਾਂਦੇ ਨੇ, ਕਿਸੇ ਨੂੰ ਤਾਰ ਜਾਂਦੇ ਨੇ।

‘ਗ਼ਜ਼ਲ’! ਛੱਡ ਨਾਲ ਵਹਿ ਜਾਣਾ ਬਨਾਉਟੀ ਵੇਖ ਕੇ ਹੰਝੂ,
ਇਹ ਭੋਲੇ ਚਿਹਰਿਆਂ ਵਾਲੇ ਹੀ ਆਖਰ ਚਾਰ ਜਾਂਦੇ ਨੇ।

## ਦੂਰ ਰਹਿ ਕੇ ਕੋਲ ਮੇਰੇ ਕੋਲ ਰਹਿ ਕੇ ਦੂਰ ਹੈ

ਦੂਰ ਰਹਿ ਕੇ ਕੋਲ ਮੇਰੇ ਕੋਲ ਰਹਿ ਕੇ ਦੂਰ ਹੈ।
ਉਹ ਮਹੁੱਬਤ ਦਾ ਖ਼ੁਦਾ ਜਾਂ ਕੋਈ ਕੋਹ-ਇ-ਤੂਰ ਹੈ।

ਗੀਤ ਜੋ ਵਿਛੋੜ ਗਿਆ ਹੈ, ਰੂਹ ਮੇਰੀ ਦੇ ਹਾਣਦਾ,
ਹੋਠਾਂ ਤੇ ਆਉਂਦਾ ਨਹੀਂ ਹੈ ਜਾਪਦਾ ਮਜਬੂਰ ਹੈ।

ਜੀਣ ਨੂੰ ਹੁਣ ਜੀਅ ਕਰੇ ਤੇ ਦਿਲ ਕਰੇ ਮੁਸਕਾਣ ਨੂੰ,
ਪਿਆਰ ਦੀ ਬੱਦਲੀ ਤੋਂ ਪੈਂਦੀ ਨਿੰਮੀ-ਨਿੰਮੀ ਭੁਰ ਹੈ।

ਸੇਕ ਹੈ ਬਿਰਹਾ ਦਾ ਜਾਂ ਫਿਰ ਅੱਗ ਹੈ ਇਹ ਇਸ਼ਕ ਦੀ,
ਜਿਸਮ ਹੈ ਮੇਰਾ ਜਿਵੇਂ ਕੋਈ ਭਖ਼ ਰਿਹਾ ਤੰਦੂਰ ਹੈ।

ਨੀਂਦ ਮੇਰੀ ਉੱਡ ਗਈ ਤੇ ਭੁੱਖ ਮੇਰੀ ਮਰ ਗਈ,
ਖਿੜੇ ਮੱਥੇ ਇਸ਼ਕ ਦਾ ਇਹ ਰੋਗ ਵੀ ਮਨਜ਼ੂਰ ਹੈ।

ਯਾਦ ਕਰਕੇ ਓਸ ਨੂੰ ਰੋਵਾਂ ਨਹੀਂ ਤਾਂ ਕੀ ਕਰਾਂ?
ਦੂਰ ਹੈ ਮੇਰੀ ਨਜ਼ਰ ਤੋਂ, ਪਹੁੰਚ ਤੋਂ ਵੀ ਦੂਰ ਹੈ।



## ਉਠ ਮਜ਼ਲੂਮਾ! ਇਹੀ ਨਾਅਰਾ ਖਾਸ ਮੇਰਾ

ਉਠ ਮਜ਼ਲੂਮਾ! ਇਹੀ ਨਾਅਰਾ ਖਾਸ ਮੇਰਾ।
ਪੀੜਾਂ ਵਿੱਚੋਂ ਉੱਗਿਆ ਇਹ ਅਹਿਸਾਸ ਮੇਰਾ।

ਇਸ ਤੋਂ ਵੱਧ ਭਲਾ ਕੀ ਮਾੜਾ ਹੋਣਾ ਸੀ?
ਰੱਬ ਤੋਂ ਵੀ ਉਠ ਚੱਲਿਆ ਏ ਵਿਸਵਾਸ਼ ਮੇਰਾ।

ਦਰਦ ਬੜੇ ਹਨ ਹੋਰ ਵੀ ਤੇਰੇ ਦਰਦ ਬਿਨਾ,
ਦਰਦ ਬਿਗਾਨਾ ਖਾ ਗਿਆ ਦਿਲ ਦਾ ਮਾਸ ਮੇਰਾ।

ਦੂਰ ਦੇ ਢੋਲ ਸੁਹਾਣੇ ਸੁਣ ਕੇ ਰੀਝੀ ਸਾਂ,
ਏਸ ਇਸ਼ਕ ਨੇ ਕੀਤਾ ਸੱਤਿਆਨਾਸ ਮੇਰਾ।

ਮੈਂ ਤਾਂ ਖੁਦ ਹੀ ਰੱਬ ਹਾਂ, ਇਹ ਸੱਚਾਈ ਹੈ,
ਕਣ-ਕਣ ਦੇ ਵਿਚ ਦੇਖ ਲਉ, ਹੈਗਾ ਵਾਸ ਮੇਰਾ।

ਮਾਰਥੂਲ ਵਿਚ ਮ੍ਰਿਗ ਤ੍ਰਿਸ਼ਨਾ ਮਾਰੇਗੀ,
ਹੋਰ ਕੀ ਦੱਸ ਵਿਗਾੜੂ, ਮਨ ਦੀ ਪਿਆਸ ਮੇਰਾ।

ਸ਼ਿਕਵਾ, ਗਿਲਾ, ਸ਼ਿਕਾਇਤ ਨਹੀਂ ਜ਼ਮਾਨੇ ਤੋਂ,
ਕਰ ਜਾਂਦੇ ਨੇ ਆਪਣੇ ਚਿੱਤ ਉਦਾਸ ਮੇਰਾ।

ਚਰਘਲ ਸਾਰੀ ਹੈ ਮੇਰੇ ਅਰਮਾਨਾਂ ਦੀ,
ਸਿਦਕ 'ਗ਼ਜ਼ਲ' ਦੀ ਝਾਂਜਰ ਨੂੰ ਹੈ ਰਾਸ ਮੇਰਾ।

## ਕਿਸੇ ਦੀ ਯਾਦ ਆਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ

ਕਿਸੇ ਦੀ ਯਾਦ ਆਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ।
ਉਦਾਸੀ ਦਿਲ 'ਤੇ ਛਾਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ।

ਇਹ ਪੰਛੀ ਉਡ ਚਲੇ ਪਰਦੇਸ ਅਪਣੀ ਚੋਗ ਚੁਗਣੇ ਨੂੰ,
ਘੜੀ ਵਿਛੜਨ ਦੀ ਆਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ।

ਉਡੀਕਾਂ ਰੋਜ਼ ਮੈਂ ਤੈਨੂੰ, ਕਦੇ ਮੁੜ ਆ ਵਿਦੇਸ਼ਾਂ ਤੋਂ,
ਬੜੀ ਲੰਮੀ ਜੁਦਾਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ।

ਬੜੇ ਚਿਰ ਦੀ ਵਿਸਾਖੀ ਦਾ, ਤੇਰੇ ਪਰਤਣ ਦਾ ਲਾਰਾ ਸੀ,
ਵਿਸਾਖੀ ਫੇਰ ਆਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ।

ਬੜੇ ਗ਼ਮ ਦੇ ਗਿਆ ਮੈਨੂੰ, ਤੇ ਹਾਸੇ ਲੈ ਗਿਆ ਜਿਹੜਾ,
ਉਸੇ ਦੀ ਯਾਦ ਆਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ।

ਹੈ ਕਿੰਨਾ ਦਰਦ ਬੋਲਾਂ ਵਿਚ 'ਤੇ ਤਰਲਾ ਵੀ ਹੈ ਲੋਹੜੇ ਦਾ,
ਗ਼ਜ਼ਲ ਕਿਸਨੇ ਇਹ ਗਾਈ ਹੈ ਕਿ ਅੱਖੀਆਂ ਰੋਣ ਲੱਗੀਆਂ ਨੇ।



## ਦੋਸਤੋਂ ! ਹੁਣ ਪਿੱਠ ਮੇਰੀ ਤੇ ਨਾ ਅੰਗਿਆਰੇ ਧਰੋ

ਦੋਸਤੋਂ! ਹੁਣ ਪਿੱਠ ਮੇਰੀ ਤੇ ਨਾ ਅੰਗਿਆਰੇ ਧਰੋ।
ਵਾਰ ਜੋ ਕਰਨਾ ਹੀ ਹੈ ਤਾਂ ਵਾਰ ਸੀਨੇ ਤੇ ਕਰੋ।

ਜੀਣ ਹੈ ਨਾ ਮਰਨ ਮੇਰਾ, ਖਾਣ ਹੈ ਨਾ ਪੀਣ ਹੈ,
ਇਸ ਅਨੋਖੀ ਮਰਜ਼ ਦਾ ਕੋਈ ਦਵਾ-ਦਾਰੂ ਕਰੋ।

ਸੋਨ ਮੋਤੀ ਨੂੰ ਕਦੇ ਮੈਥੋਂ ਨਾ ਕੋਈ ਖੋਹ ਲਵੇ,
ਨਾਲ ਸੀਨੇ ਲਾ ਕੇ ਰੱਖਾਂ ਨਿੱਤ ਗਾਨੀ ਵਿੱਚ ਪਰੋ।

ਇਸ਼ਕ ਦੀ ਇਸ ਖੇਡ ਨੂੰ ਸੌਖਾ ਨਹੀਂ ਹੈ ਖੇਡਣਾ,
ਖੇਡਣਾ ਤਾਂ ਸਭ ਤੋਂ ਪਹਿਲਾਂ ਸਿਰ ਹਥੇਲੀ 'ਤੇ ਧਰੋ।

ਕੌਣ ਕਹਿੰਦਾ ਹੈ ਮਹੁੱਬਤ ਖੋਰਦੀ ਹੈ ਜਿੰਦ ਨੂੰ?
ਜੀਣ ਵਰਗੀ ਹੈ ਮਹੁੱਬਤ, ਆਤਮਾ ਤੋਂ ਜੇ ਕਰੋ।

ਬੇਵਫ਼ਾ ਇਨਸਾਨ ਹੈ, ਜੀਵਨ ਨਹੀਂ ਹੈ ਬੇਵਫ਼ਾ,
ਤੁਰ ਗਿਆ ਜੋ ਛੱਡ ਕੇ ਨਾ ਉਸ ਲਈ ਹੌਕੇ ਭਰੋ।

ਕੌਣ ਹੈ ਏਥੇ ਕਿਸੇ ਦਾ ਕਰ ਲਵੋ ਬਸ ਦਿਨ-ਕਟੀ,
ਪਿਆਰ ਜੇ ਸੱਚਾ ਮਿਲੇ ਤਾਂ ਪਿਆਰ ਲਈ ਕੁਝ ਵੀ ਕਰੋ।

## ਤੇਰੀ ਮੁਸਕਾਨ ਦਾ ਜੇਕਰ ਸਹਾਰਾ ਮਿਲ ਗਿਆ ਹੁੰਦਾ

ਤੇਰੀ ਮੁਸਕਾਨ ਦਾ ਜੇਕਰ ਸਹਾਰਾ ਮਿਲ ਗਿਆ ਹੁੰਦਾ।
ਤਾਂ ਸਾਗਰ ਵਿਚ ਡੁੱਬਦੀ ਨੂੰ ਕਿਨਾਰਾ ਮਿਲ ਗਿਆ ਹੁੰਦਾ।

ਇਹ ਰਾਤਾਂ ਸ਼ਰਬਤੀ ਹੁੰਦੀਆਂ ਤੇ ਦਿਨ ਤੀਆਂ ਜਿਹੇ ਹੁੰਦੇ,
ਜੇ ਨੈਣਾਂ ਨੂੰ ਤੇਰੇ ਮੁੱਖ ਦਾ ਨਜ਼ਾਰਾ ਮਿਲ ਗਿਆ ਹੁੰਦਾ।

ਮੈਂ ਨੱਚ ਨੱਚ ਕੇ ਹੀ ਪੱਟ ਦੇਣਾ ਸੀ ਅਪਣੇ ਇਸ਼ਕ ਦਾ ਵਿਹੜਾ,
ਮੇਰੇ ਪੈਰਾਂ ਨੂੰ ਜੇ ਤੇਰਾ ਇਸ਼ਾਰਾ ਮਿਲ ਗਿਆ ਹੁੰਦਾ।

ਤੂੰ ਮਿਲਿਆ ਵੀ ਤਾਂ ਕੀ ਮਿਲਿਆ ਬਿਗਾਨਾ ਤਨ, ਦਿਲੋਂ ਸੱਖਣਾ,
ਤੇਰਾ ਦਿਲ ਪਿਆਰ ਨਾਲ ਲੱਦਿਆ ਦੁਬਾਰਾ ਮਿਲ ਗਿਆ ਹੁੰਦਾ।

ਲਿਆਉਂਦੀ ਤੋੜ ਕੇ ਤਾਰੇ ਮੈਂ ਸਰ ਕਰਦੀ ਅਕਾਸ਼ਾਂ ਨੂੰ,
ਜੇ ਮੇਰੀ ਪੀਂਘ ਨੂੰ ਤੇਰਾ ਹੁਲਾਰਾ ਮਿਲ ਗਿਆ ਹੁੰਦਾ।

ਮੈਂ ਗਾਹ ਸੁੱਟਣੇ ਸੀ ਪਰਬਤ, ਮਾਰਥੂਲ, ਜੰਗਲ ਗ਼ਜ਼ਲ ਦੇ ਸਭ,
ਜੇ ਮੈਨੂੰ ਓਸ ਵਰਗਾ ਦਿਲ ਅਵਾਰਾ ਮਿਲ ਗਿਆ ਹੁੰਦਾ।

ਬਹੁਤ ਪਹਿਲਾਂ 'ਗ਼ਜ਼ਲ' ਨੇ ਨਿਖਰ ਜਾਣਾ ਤੇ ਸੰਵਰਨਾ ਸੀ,
'ਗ਼ਜ਼ਲ' ਨੂੰ ਹਾਣਦਾ ਜੇਕਰ ਬੁਲਾਰਾ ਮਿਲ ਗਿਆ ਹੁੰਦਾ।



## ਤੁਸੀਂ ਐਵੇਂ ਕਿਉਂ ਇਲਜ਼ਾਮ ਤੇ ਇਲਜ਼ਾਮ ਧਰਦੇ ਹੋ

ਤੁਸੀਂ ਐਵੇਂ ਕਿਉਂ ਇਲਜ਼ਾਮ ਤੇ ਇਲਜ਼ਾਮ ਧਰਦੇ ਹੋ।
ਦੁਖੀ ਹੈ ਆਤਮਾ ਮੇਰੀ ਦੁਖੀ ਕਿਉਂ ਹੋਰ ਕਰਦੇ ਹੋ।

ਕਿਸੇ ਦੇ ਮੀਤ ਨ੍ਹੀਂ ਹੁੰਦੇ ਸਜਣ ਕਈ ਚਿਹਰਿਆਂ ਵਾਲੇ,
ਕਿਉਂ ਐਸੇ ਸ਼ੈਤਾਨਾਂ 'ਤੇ ਤੁਸੀਂ ਵਿਸ਼ਵਾਸ ਕਰਦੇ ਹੋ?

ਮਹੁੱਬਤ ਦੇ ਬਿਨਾਂ ਬੰਦਾ ਤਾਂ ਕੱਖ ਦਾ ਵੀ ਨਹੀਂ ਹੁੰਦਾ,
ਓ ਨਫ਼ਰਤ ਵਾਲਿਓ! ਕਾਹਦਾ ਤੁਸੀਂ ਹੰਕਾਰ ਕਰਦੇ ਹੋ?

ਚਿੰਗਾਰੀ ਬਾਲ ਕੇ ਆਪੇ ਤੁਸਾਂ ਰੱਖੀ ਸੀ ਘਰ ਅੰਦਰ,
ਜੇ ਅੱਗ ਲੱਗੀ ਤਾਂ ਖ਼ੁਦ ਨਿਪਟੋ ਕਿਉਂ ਤਕਰਾਰ ਕਰਦੇ ਹੋ?

ਅਮਨ ਦਾ ਪਾਠ ਕਿੱਥੋਂ ਪੜ੍ਹਨਗੇ ਵਿਦਿਆਰਥੀ, ਦੱਸੋ,
ਤੁਸੀਂ ਜਦ ਪੁਸਤਕਾਂ 'ਤੇ ਸੁਲਗਦੇ ਅੰਗਿਆਰ ਧਰਦੇ ਹੋ।

ਤੁਹਾਥੋਂ ਤਾਂ ਭਲੇ ਕੁੱਤੇ ਵਫ਼ਾ ਕਰਦੇ ਜੋ ਮਾਲਕ ਨਾਲ,
ਤੁਸੀਂ ਨੌਕਰ ਹੋ ਲੋਕਾਂ ਦੇ, ਜਿਨ੍ਹਾਂ ਨੂੰ ਕਤਲ ਕਰਦੇ ਹੋ।

ਤੁਹਾਡਾ ਬੇਯਕੀਨਾਂ ਦਾ ਇਹੋ ਹੀ ਹਾਲ ਹੋਣਾ ਸੀ,
ਕਟਾ ਲਏ ਅਪਣੇ ਖੰਭ ਆਪੇ, ਨਾ ਬਾਹਰ ਦੇ, ਨਾ ਘਰ ਦੇ ਹੋ।

## ਕਦੋਂ ਤੱਕ ਰਹਾਂਗੀ ਉਡੀਕਾਂ ਸਹਾਰੇ

ਕਦੋਂ ਤੱਕ ਰਹਾਂਗੀ ਉਡੀਕਾਂ ਸਹਾਰੇ।
ਤੇਰੇ ਬਾਝ ਹਾਂ ਮੈਂ ਮਰਨ ਦੇ ਕਿਨਾਰੇ।

ਇਵੇਂ ਨੈਣ-ਨੈਣਾਂ ਤੋਂ ਵਿਛੜੇ ਰਹੇ ਤਾਂ,
ਵਿਚਾਲੇ ਡੁਬੋ ਦੇਣਗੇ ਨੀਰ ਖਾਰੇ।

ਮੇਰੀ ਜ਼ਿੰਦਗੀ ਵਿਚ ਵਸਾ ਕੇ ਹਨੇਰਾ,
ਕਿਧਰ ਤੁਰ ਗਏ ਨੇ ਉਹ ਚਾਨਣ-ਮੁਨਾਰੇ।

ਰੁਲਾ ਦੇਗੀ ਇਕ ਦਿਨ ਮੇਰੀ ਘਾਟ ਉਸਨੂੰ,
ਵਫ਼ਾ ਭਾਲਦਾ ਜੋ ਹੈ ਗ਼ੈਰਾਂ ਦਵਾਰੇ।

ਮੈਂ ਤੇਰੀ ਤੂੰ ਮੇਰਾ ਇਹ ਜਗ ਹੈ ਬੇਗਾਨਾ,
ਮੈਂ ਤੇਰੇ ਸਹਾਰੇ, ਤੂੰ ਮੇਰੇ ਸਹਾਰੇ।

ਫ਼ਿਜਾ ਕਰਕੇ ਜ਼ਹਿਰੀ ਕਿਵੇਂ ਜੀ ਲਵੇਂਗਾ?
ਜੇ ਨਾ ਰਹਿਣਗੇ ਫੁੱਲ-ਬੂਟੇ ਵਿਚਾਰੇ।

ਮੁਸੀਬਤ ਪਈ ਤਾਂ ਗ਼ਜ਼ਲ ਫਿਰ ਤੂੰ ਵੇਖੀਂ,
ਚਲੇ ਜਾਣਗੇ ਦੂਰ ਅੱਖੀਆਂ ਦੇ ਤਾਰੇ।



## ਬੋਲ ਕੇ ਕਿੱਦਾਂ ਸੁਣਾਵਾਂ ਗ਼ਮ ਮੈਂ ਤੇਰੇ ਜਾਣਦਾ

ਬੋਲ ਕੇ ਕਿੱਦਾਂ ਸੁਣਾਵਾਂ ਗ਼ਮ ਮੈਂ ਤੇਰੇ ਜਾਣਦਾ।
ਹਾਲ ਕੀ ਹੈ ਬਾਝ ਤੇਰੇ ਦਿਲ ਹੀ ਮੇਰਾ ਜਾਣਦਾ।

ਹਰ ਅਦਾ ਮਹਿਬੂਬ ਦੀ ਸੌਦਾ ਹੈ ਕਰਦੀ ਜਾਨ ਦਾ,
ਦਿਲ ਹੈ ਬਾਗ਼ੋ-ਬਾਗ਼ ਹੁੰਦਾ ਸਭ ਅਦਾਵਾਂ ਮਾਣਦਾ।

ਜਾਣ ਲੱਗਿਆਂ ਮਾਰ ਲੈਂਦਾ ਉਮਰ ਮੇਰੀ ਤੇ ਨਿਗਾਹ,
ਗ਼ਮ ਜੋ ਏਡਾ ਦੇ ਗਿਉਂ, ਉਹ ਗ਼ਮ ਨਾ ਮੇਰੇ ਹਾਣਦਾ।

ਮੁੱਕ ਚੱਲੀ ਜ਼ਿੰਦਗੀ ਮੁੱਕੀ ਨਹੀਂ ਤੇਰੀ ਉਡੀਕ,
ਜੀਣ ਕੀ ਹੈ ਬਿਨ ਤੇਰੇ ਤੇ ਕੀ ਮਜ਼ਾ ਮਰ ਜਾਣ ਦਾ।

ਕਹਿਣ ਨੂੰ ਅੱਖੜ ਕੁੜੀ, ਪਰ ਹਾਂ ਦਾਸੀ ਇਸ਼ਕ ਦੀ,
ਇਸ਼ਕ ਲਈ ਹੈ ਸੀਸ ਹਾਜ਼ਰ, ਗ਼ਮ ਨਹੀਂ ਮਰ ਜਾਣ ਦਾ।

ਕਮਲ ਜਹੀ ਕੁਲਜੀਤ ਤੇਰੀ, ਬਿਨ ਤੇਰੇ ਕਮਲਾ ਗਈ,
ਤੂੰ 'ਗ਼ਜ਼ਲ' ਦੇ ਦਿਲ 'ਚ ਰਹਿ ਕੇ ਗ਼ਮ ਉਦ੍ਹਾ ਨਾ ਜਾਣਦਾ।

## ਮਿਲ ਰਹੇ ਨੇ ਬੜੇ ਸਫਰ ਨੂੰ ਹਾਦਸੇ

ਮਿਲ ਰਹੇ ਨੇ ਬੜੇ ਸਫਰ ਨੂੰ ਹਾਦਸੇ।
ਕਦਮ ਫਿਰ ਵੀ ਵਧਾਵਾਂ ਤੇਰੇ ਵਾਸਤੇ।

ਇਹ ਜਦੋਂ ਦਾ ਹੀ ਜੁੜਿਆਂ ਤੇਰੇ ਨਾਮ ਸੰਗ,
ਬਹੁਤ ਚਰਚੇ ਛਿੜੇ ਨੇ ਮੇਰੇ ਨਾਮ ਦੇ।

ਮੈਂ ਜਿਨ੍ਹਾਂ ਲਈ ਕਰੀ ਨਾ ਫਿਕਰ ਜਾਨ ਦੀ,
ਉਹੀ ਦੁਸ਼ਮਣ ਬਣੇ ਨੇ ਮੇਰੀ ਜਾਨ ਦੇ।

ਬਿਨ ਤੇਰੇ ਨਾ ਮੇਰਾ ਹੋਰ ਰਿਸ਼ਤਾ ਕੋਈ,
ਤੂੰ ਮੇਰੇ ਨਾਨਕੇ, ਤੂੰ ਮੇਰੇ ਦਾਦਕੇ।

ਤੂੰ ਨਾ ਹੁੰਦਾ ਤਾਂ ਕਦ ਦੇ ਹੀ ਮੁੱਕ ਜਾਂਵਦੇ,
ਜੀ ਰਹੇ ਹਾਂ ਤੇਰੀ ਆਸ ਦੇ ਆਸਰੇ।

ਮੈਂ ਪਰਿੰਦਾ ਹਾਂ, ਅਰਸ਼ਾਂ ਨੂੰ ਜਿੱਤਣਾ ਹੈ ਮੈਂ,
ਸੋਚ ਤੇਰੀ ਦੇ ਪਰ ਨਾ ਮੇਰੇ ਹਾਣਦੇ।

ਵਿਥ ਰਤਾ ਵੀ ਮੇਰੇ ਦਿਲ ਨੂੰ ਮਨਜ਼ੂਰ ਨਾ,
ਜੇ ਮਿਲੇਂ ਤਾਂ ਮਿਟਾ ਕੇ ਮਿਲੀਂ ਫ਼ਾਸਲੇ।

ਕੀ ਕਰਾਂ, ਕਿੰਞ ਜਰਾਂ, ਰਾਤ ਦਾ ਕਹਿਰ ਹੈ,
ਭਾਗ ਸੁੱਤੇ ਮੇਰੇ ਨੈਣ ਹਨ ਜਾਗਦੇ।



ਇਹ ਫਿਜ਼ਾ ਠੀਕ ਹੈ ਨ੍ਹੀਂ ਇਕੱਲਿਆਂ ਲਈ,
ਜੇ ਤੁਰੋ ਤਾਂ ਬਣਾ ਕੇ ਤੁਰੋ ਕਾਫ਼ਲੇ।

ਹਰ ਸਮੇਂ ਹਰ ਜਗ੍ਹਾ, ਹਰ ਤਰਫ਼ ਚਾਨਣਾ,
ਜੀ ਰਹੇ ਹਾਂ ਅਸੀਂ ਤਾਂ ਜਿਗਰ ਬਾਲ ਕੇ।

ਸਤਿਅਮ, ਸੁੰਦਰਮ ਤੇ ਸ਼ਿਵਮ ਹੈਂ, ਤੂੰ ਹੀ,
ਜੀ ਰਹੀ ਇਹ ‘ਗ਼ਜ਼ਲ’ ਬਸ ਤੇਰੇ ਆਸਰੇ।

## ਉਡੀਕ ਵਿਚ ਹੀ ਯਾਰ ਦੀ ਜੇਕਰ ਮਰੇ ਤਾਂ ਕੀ ਮਰੇ

ਉਡੀਕ ਵਿਚ ਹੀ ਯਾਰ ਦੀ ਜੇਕਰ ਮਰੇ ਤਾਂ ਕੀ ਮਰੇ।
ਇਸ਼ਕ ਦਾ ਸਾਗਰ ਅਸੀਂ ’ਕੱਲੇ ਤਰੇ ਤਾਂ ਕੀ ਤਰੇ।

ਜੀਣ ਦੇ ਹਰ ਵਣਜ ਵਿਚ ਮੰਨਿਆ ਕਿ ਘਾਟ ਹੈ ਬਹੁਤ,
ਇਸ਼ਕ ਦੇ ਬਿਨ ਕਮਲਿਆ ਪੱਤਣ ਤਰੇ ਤਾਂ ਕੀ ਤਰੇ।

ਜਦ ਵੀ ਵਰ੍ਹਿਆ ਤਾਂ ਵਰ੍ਹੀਂ ਸਾਵਣ ਦੇ ਬੱਦਲ ਵਾਂਗ ਤੂੰ,
ਪਿਆਸ ਹੀ ਜੇ ਨਾ ਮਿਟੀ, ਏਦਾਂ ਵਰ੍ਹੇ ਤਾਂ ਕੀ ਵਰ੍ਹੇ।

ਇਸ਼ਕ ਵਿਚ ਹਰ ਵਾਰ ਦਿਲ ਜਿੱਤ ਕੇ ਵੀ ਬਾਜ਼ੀ ਹਾਰਿਆ,
ਇਸ਼ਕ ਸੌਖੀ ਖੇਡ ਨ੍ਹੀਂ ਇਹ ਦਿਲ ਕਰੇ ਤਾਂ ਕੀ ਕਰੇ?

ਦਰਦ ਹੈ ਸੀਨੇ ’ਚ ਤੇਰਾ ਹੈ ਤੇਰੀ ਤਸਵੀਰ ਵੀ
ਏਦੂੰ ਸੋਹਣਾ ਦਿਲ ਤੇ ਪੱਥਰ ਵੀ ਧਰੇ ਤਾਂ ਕੀ ਕਰੇ?

ਜੇ ਮਰੋ ਤਾਂ ਇਸ਼ਕ ਦੇ ਪਰਵਾਨਿਆਂ ਵਾਂਗਰ ਮਰੋ,
ਬੇਵਫਾ ’ਤੇ ਬੁਜ਼ਦਿਲਾਂ ਵਾਂਗਰ ਮਰੇ ਤਾਂ ਕੀ ਮਰੇ।

ਉਡੀਕ ਉਸਦੀ ਵਿਚ ‘ਗ਼ਜ਼ਲ’ ਹਰ ਪਲ ਮਰੇ, ਹਰ ਪਲ ਜੀਏ,
ਉਡੀਕ ਉਸਦੀ ਬਿਨ ‘ਗ਼ਜ਼ਲ’ ਜੇਕਰ ਕਰੇ ਤਾਂ ਕੀ ਕਰੇ।



## ਜੇ ਸ਼ਾਇਰ ਹੈਂ ਤਾਂ ਮਹਿਫ਼ਿਲ ਵਿਚ ਗ਼ਜ਼ਲ ਵਰਗੀ ਗ਼ਜ਼ਲ ਆਖੀਂ

ਜੇ ਸ਼ਾਇਰ ਹੈਂ ਤਾਂ ਮਹਿਫ਼ਿਲ ਵਿਚ ਗ਼ਜ਼ਲ ਵਰਗੀ ਗ਼ਜ਼ਲ ਆਖੀਂ।
ਨਾ ਚਾਨਣ ਨੂੰ ਕਹੀਂ ਨ੍ਹੇਰਾ, ਨਾ ਪੱਥਰ ਨੂੰ ਕਮਲ ਆਖੀਂ।

ਹਮੇਸ਼ਾਂ ਸੱਚ ਹੀ ਲਿਖੀਂ ਹਮੇਸ਼ਾਂ ਸੱਚ ਹੀ ਬੋਲੀਂ,
ਜੇ ਸ਼ਾਇਰ ਹੈ ਤਾਂ ਮਹਿਫ਼ਿਲ ਵਿਚ ਕੋਈ ਝੂਠੀ ਨਾ ਗੱਲ ਆਖੀਂ।

ਪਵਿੱਤਰ ਰਿਸ਼ਤਿਆਂ ਨੂੰ ਲੋਕ ਜੋ ਬਦਨਾਮ ਕਰਦੇ ਨੇ,
ਜੇ ਸ਼ਾਇਰ ਹੈਂ ਤਾਂ ਉਹਨਾਂ ਨੂੰ ਸ਼ੈਤਾਨਾਂ ਦੀ ਨਸਲ ਆਖੀਂ।

ਜੇ ਸ਼ਾਇਰ ਹੈਂ ਤਾਂ ਜੋ ਲਿਖਣਾ, ਲਿਖੀਂ ਖੁੱਲ੍ਹ ਕੇ, ਨਿਡਰ ਹੋ ਕੇ,
ਨਾ ਪਾਵੀਂ ਸੱਚ ਤੇ ਪਰਦਾ, ਕਤਲ ਨੂੰ ਤੂੰ ਕਤਲ ਆਖੀਂ।

ਜੇ ਸਚੁਮੱਚ ਹੀ ਤੂੰ ਸ਼ਾਇਰ ਹੈਂ, ਦਿਖਾ ਜਲਵਾ ਕਲਮ ਦਾ ਤੂੰ,
ਲਹੂ ਦੇ ਸੰਗ ਲਿਖੀਂ ਪਹਿਲਾਂ ਤੇ ਫਿਰ ਉਸਨੂੰ ਗ਼ਜ਼ਲ ਆਖੀਂ।

ਜੇ ਸ਼ਾਇਰ ਹੈਂ ਤਾਂ ਜੋ ਕਹਿਣਾ, ਉਹ ਕਰਕੇ ਵੀ ਵਿਖਾ ਦੇਵੀਂ,
ਨਿਭਾਈ ਜਾ ਸਕੇ ਨਾ ਜੋ ਕਦੇ ਮੂੰਹੋਂ ਨਾ ਗੱਲ ਆਖੀਂ।

ਬੜੇ ਦੁਸ਼ਮਨ ਨੇ ਧਰਤੀ ਦੇ ਜ਼ਹਿਰ ਜੋ ਬੀਜਦੇ ਇਸ ਤੇ,
ਜੇ ਸ਼ਾਇਰ ਹੈਂ ਤਾਂ ਜ਼ਹਿਰਾਂ ਨੂੰ ਨਾ ਅੰਮ੍ਰਿਤ ਦੀ ਫ਼ਸਲ ਆਖੀਂ।

ਦਿਲਾਂ ਟੁੱਟੀਆਂ ਨੂੰ ਜੋੜਨ ਦਾ, ਇਹ ਕੰਮ ਸ਼ਾਇਰ ਦਾ ਹੁੰਦਾ ਹੈ,
ਜੇ ਸ਼ਾਇਰ ਹੈਂ ਤਾਂ ਸ਼ੇਅਰਾਂ ਤਾਈਂ ਰੂਹਾਂ ਦਾ ਹੀ ਵਸਲ ਆਖੀਂ।

## ਮੇਰੀ ਮੜ੍ਹੀ ਜਦ ਵੀ ਬਣੀ ਸਭ ਹੋਣਗੇ, ਪਰ ਤੂੰ ਨਹੀਂ

ਮੇਰੀ ਮੜ੍ਹੀ ਜਦ ਵੀ ਬਣੀ ਸਭ ਹੋਣਗੇ, ਪਰ ਤੂੰ ਨਹੀਂ।
ਜਦ ਮੌਤ ਦੀ ਚਾਦਰ ਤਣੀ ਸਭ ਹੋਣਗੇ, ਪਰ ਤੂੰ ਨਹੀਂ।

ਅਪਣੇ ਵੀ ਟੌਣੇ ਲਾਉਣਗੇ, ਗ਼ੈਰਾਂ ਲਈ ਹਾਸਾ ਬਣੂ,
ਜਦ ਵੀ ਕਦੇ ਮੁਸ਼ਕਿਲ ਬਣੀ ਸਭ ਹੋਣਗੇ, ਪਰ ਤੂੰ ਨਹੀਂ।

ਜਦ ਰੋਜ਼ ਵਾਂਗੂੰ ਰਾਤ ਨੂੰ ਤੇਰੇ ਲਈ ਤੜਫੂ ਕੋਈ,
ਜੁਗਨੂੰ, ਸਿਤਾਰੇ, ਚਾਨਣੀ ਸਭ ਹੋਣਗੇ, ਪਰ ਤੂੰ ਨਹੀਂ।

ਵੇਖਣ ਲਈ ਰੰਗ ਨਾਚ ਮੇਰੀਆਂ ਹਸਰਤਾਂ ਦੀ ਮੌਤ ਦਾ,
ਅਪਣੇ ਬਿਗਾਨੇ ਜਣੇ-ਖਣੇ ਸਭ ਹੋਣਗੇ, ਪਰ ਤੂੰ ਨਹੀਂ।

ਸ਼ਿਕਵੇ ਬੜੇ ਨੇ ਹੋਰ ਵੀ, ਇਕ ਹੈ ਗਿਲਾ ਪਰਦੇਸ ਦਾ,
ਜਦ ਸਾਉਣ ਲਾਹੀ ਮੀਂਹ ਕਣੀ ਸਭ ਹੋਣਗੇ, ਪਰ ਤੂੰ ਨਹੀਂ।

ਤੇਰੇ ’ਤੇ ਮੇਰੇ ਇਸ਼ਕ ਦੀ ਜਦ ਵੀ ਪਟਾਰੀ ਖੁਲ੍ਹ ਗਈ,
ਆੜ੍ਹੀ, ਜਿਨ੍ਹਾਂ ਸੰਗ ਦੁਸ਼ਮਣੀ ਸਭ ਹੋਣਗੇ, ਪਰ ਤੂੰ ਨਹੀਂ।

ਤੂੰ ਹੀ ਦਵਾ ਦਾਰੂ ਮੇਰੀ ਰੱਬ ਨੂੰ ਪਤਾ, ਸਭ ਨੂੰ ਪਤਾ,
ਅਫਸੋਸ! ਜਦ ਔਖੀ ਬਣੀ ਸਭ ਹੋਣਗੇ, ਪਰ ਤੂੰ ਨਹੀਂ।

ਥੇਰੇ ਬਿਨਾਂ ਪਰਦੇਸੀਆਂ ਫਿਰ ਕੀ ‘ਗ਼ਜ਼ਲ’ ਦੀ ਹੋਂਦ ਹੈ?
ਮਿਸਰੇ, ਰਦੀਫ਼ਾਂ, ਰਾਗਣੀ ਸਭ ਹੋਣਗੇ, ਪਰ ਤੂੰ ਨਹੀਂ।